Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 337 02/06/2026 www.samajweekly.com samajweekly @samajweekly samajweekly

ਇਰਾਨ-ਅਮਰੀਕਾ ਜੰਗਬੰਦੀ ਗੱਲਬਾਤ ਰੁਕੀ, ਇਰਾਨ ਨੇ ਦਿੱਤੀ ਹੋਰਮੁਜ਼ ਬੰਦ ਕਰਨ ਦੀ ਚੇਤਾਵਨੀ

ਅਮਰੀਕਾ ਨੇ ਕੀਤੀ ਇਰਾਨੀ ਫੌਜੀ ਟਿਕਾਣਿਆਂ ਉਤੇ ਬੰਬਾਰੀ

ਦੁਬਈ: ਇਰਾਨ ਨੇ ਅਮਰੀਕਾ ਨਾਲ ਚੱਲ ਰਹੀ ਜੰਗਬੰਦੀ ਗੱਲਬਾਤ ਨੂੰ ਅਚਾਨਕ ਰੋਕਣ ਦਾ ਐਲਾਨ ਕਰ ਦਿਤਾ ਹੈ। ਇਰਾਨੀ ਖ਼ਬਰ ਏਜੰਸੀ ਤਸਨੀਮ ਦੇ ਮੁਤਾਬਕ, ਇਰਾਨ ਨੇ ਐਲਾਨ ਕੀਤਾ ਹੈ ਕਿ 'ਜਦ ਤਕ ਲੇਬਨਾਨ 'ਤੇ ਇਜ਼ਰਾਇਲੀ ਹਮਲੇ ਨਹੀਂ ਰੁਕਦੇ, ਅਮਰੀਕਾ ਨਾਲ ਕੋਈ ਗੱਲਬਾਤ ਨਹੀਂ ਹੋਵੇਗੀ।' ਇਸ ਦੇ ਨਾਲ ਹੀ ਤਸਨੀਮ ਦੀ ਰੀਪੋਰਟ ਵਿਚ ਕਿਹਾ ਗਿਆ ਹੈ ਕਿ ਇਰਾਨ ਅਤੇ ਉਸ ਦੇ ਸਾਥੀ ਹੋਰਮੁਜ਼ ਜਲਡਮਰੂਮੱਧ ਨੂੰ ਪੂਰੀ ਤਰ੍ਹਾਂ ਬੰਦ ਕਰਨ ਦੇ ਬਦਲ 'ਤੇ ਵੀ ਵਿਚਾਰ ਕਰ ਰਹੇ ਹਨ। ਉਧਰ ਅਮਰੀਕਾ ਅਤੇ ਇਰਾਨ ਵਿਚਾਲੇ ਚੱਲ ਰਹੀ ਜੰਗ ਵੀ ਇਕ ਵਾਰ ਫਿਰ ਭੱਖ ਗਈ ਜਦੋਂ ਸੋਮਵਾਰ ਸਵੇਰੇ ਅਮਰੀਕਾ ਨੇ ਇਰਾਨ ਦੇ ਰਡਾਰ ਅਤੇ ਡਰੋਨ ਟਿਕਾਣਿਆਂ 'ਤੇ ਭਾਰੀ ਬੰਬਾਰੀ ਕੀਤੀ।

ਇਰਾਨ ਨੇ ਕਿਹਾ ਕਿ ਲੇਬਨਾਨ 'ਚ ਸ਼ਾਂਤੀ ਕਾਇਮ ਰਖਣਾ ਸ਼ਾਂਤੀਵਾਰਤਾ ਦੀਆਂ ਅਹਿਮ ਸ਼ਰਤਾਂ 'ਚ ਸ਼ਾਮਲ ਸੀ ਪਰ ਹੁਣ ਲੇਬਨਾਨ ਸਮੇਤ ਕਈ ਮੋਰਚਿਆਂ 'ਤੇ ਇਸ ਸਮਝੌਤੇ ਦੀ ਉਲੰਘਣਾ ਹੋ ਰਹੀ ਹੈ। ਜ਼ਿਕਰਯੋਗ ਹੈ ਕਿ ਇਜ਼ਰਾਇਲੀ ਫ਼ੌਜ ਨੇ ਦਖਣੀ ਲੇਬਨਾਨ 'ਚ 900 ਸਾਲ ਪੁਰਾਣੇ ਬਿਊਫ਼ੋਰਟ ਕਿਲ੍ਹੇ ਅਤੇ ਨੇੜਲੀਆਂ ਪਹਾੜੀਆਂ 'ਤੇ ਕਬਜ਼ਾ ਕਰ ਲਿਆ ਹੈ। ਇਹ ਪਿਛਲੇ 26 ਸਾਲ 'ਚ ਇਜ਼ਰਾਇਲ ਦੀ ਲੇਬਨਾਨ 'ਤੇ ਸਭ ਤੋਂ ਵੱਡੀ ਘੁਸਪੈਠ ਹੈ। ਫ਼ਰਾਂਸ ਨੇ ਵੀ ਲੇਬਨਾਨ 'ਚ ਇਜ਼ਰਾਇਲ ਦੀ ਵਧਦੀ ਫ਼ੌਜੀ ਕਾਰਵਾਈ ਨੂੰ ਲੈ ਕੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ 'ਚ ਹੰਗਾਮੀ ਬੈਠਕ ਸੱਦਣ ਦੀ ਮੰਗ ਕੀਤੀ ਹੈ।

ਇਸ ਤੋਂ ਪਹਿਲਾਂ ਅਮਰੀਕਾ ਨੇ ਵੀ ਇਰਾਨ ਦੇ ਰਡਾਰ ਅਤੇ ਡਰੋਨ ਟਿਕਾਣਿਆਂ 'ਤੇ ਭਾਰੀ ਬੰਬਾਰੀ ਕਰਨ ਦੀ ਕਾਰਵਾਈ ਇਰਾਨ ਵਲੋਂ ਬੀਤੇ ਹਫਤੇ ਦੇ ਅੰਤ ਵਿਚ ਇਕ ਅਮਰੀਕੀ ਡਰੋਨ ਨੂੰ ਡੇਗਣ ਤੋਂ ਬਾਅਦ ਕੀਤੀ ਸੀ। ਅਮਰੀਕੀ ਕੇਂਦਰੀ ਕਮਾਂਡ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ, ਇਹ ਸੰਜਮ 'ਚ ਰਹਿ ਕੇ ਅਤੇ ਸੋਚੇ-ਸਮਝੇ ਹਮਲੇ ਇਰਾਨ ਦੀਆਂ ਹਮਲਾਵਰ ਕਾਰਵਾਈਆਂ ਦੇ ਜਵਾਬ ਵਿਚ ਕੀਤੇ ਗਏ ਹਨ, ਜਿਸ ਵਿਚ ਕੌਮਾਂਤਰੀ ਪਾਣੀਆਂ ਵਿਚ ਉੱਡ ਰਹੇ ਇਕ ਅਮਰੀਕੀ ਐਮ.ਕਿਊ.-1 ਡਰੋਨ ਨੂੰ ਨਿਸ਼ਾਨਾ

ਬਣਾਇਆ ਗਿਆ ਸੀ। ਅਮਰੀਕੀ ਫੌਜ ਮੁਤਾਬਕ ਉਨ੍ਹਾਂ ਦੇ ਲੜਾਕੂ ਜਹਾਜ਼ਾਂ ਨੇ ਇਰਾਨੀ ਹਵਾਈ ਰੱਖਿਆ ਪ੍ਰਣਾਲੀ ਅਤੇ ਦੋ ਆਤਮਘਾਤੀ ਡਰੋਨਾਂ ਨੂੰ ਤਬਾਹ ਕਰ ਦਿਤਾ ਹੈ।

ਇਸ ਦੇ ਜਵਾਬ ਵਿਚ ਇਰਾਨ ਨੇ ਵੀ ਜਵਾਬੀ ਹਮਲਾ ਕੀਤਾ, ਜਿਸ ਕਾਰਨ ਗੁਆਂਢੀ ਦੇਸ਼ ਕੁਵੈਤ ਵਿਚ ਮਿਜ਼ਾਈਲਾਂ ਅਤੇ ਡਰੋਨ ਦਾਗੇ ਗਏ। ਕੁਵੈਤ ਨੇ ਦਸਿਆ ਕਿ ਉਨ੍ਹਾਂ ਦੀ ਹਵਾਈ ਰੱਖਿਆ ਪ੍ਰਣਾਲੀ ਨੇ ਸੋਮਵਾਰ ਸਵੇਰੇ ਆਉਣ ਵਾਲੀਆਂ ਮਿਜ਼ਾਈਲਾਂ ਨੂੰ ਹਵਾ ਵਿਚ ਹੀ ਰੋਕ ਦਿਤਾ। ਦੂਜੇ ਪਾਸੇ, ਇਰਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸਮਾਈਲ ਬਘੇਈ ਨੇ ਅਮਰੀਕਾ ਉਤੇ ਲਗਾਤਾਰ ਪੈਂਤੜੇ ਬਦਲਣ ਦਾ ਦੋਸ਼ ਲਾਉਂਦਿਆਂ ਕਿਹਾ, ''ਸ਼ੁਰੂਆਤ ਤੋਂ ਹੀ ਅਸੀਂ ਜਾਣਦੇ ਸੀ ਅਤੇ ਅਸੀਂ ਅਜੇ ਵੀ ਜਾਣਦੇ ਹਾਂ ਕਿ ਅਸੀਂ ਅਵਿਸ਼ਵਾਸ ਦੇ ਮਾਹੌਲ ਵਿਚ ਗੱਲਬਾਤ ਕਰ ਰਹੇ ਹਾਂ।''

ਇਸ ਤਣਾਅ ਦੇ ਬਾਵਜੂਦ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਸ਼ਲ ਮੀਡੀਆ ਉਤੇ ਗੱਲਬਾਤ ਪ੍ਰਤੀ ਉਮੀਦ ਪ੍ਰਗਟਾਉਂਦੇ ਹੋਏ ਲਿਖਿਆ, ''ਇਰਾਨ ਸੱਚਮੁੱਚ ਇਕ ਸਮਝੌਤਾ ਕਰਨਾ ਚਾਹੁੰਦਾ ਹੈ, ਅਤੇ ਇਹ ਅਮਰੀਕਾ ਅਤੇ ਸਾਡੇ ਸਾਥੀਆਂ ਲਈ ਇਕ ਚੰਗਾ ਸਮਝੌਤਾ ਹੋਵੇਗਾ। ਬੱਸ ਆਰਾਮ ਨਾਲ ਬੈਠੋ, ਅੰਤ ਵਿਚ ਸੱਭ ਕੁੱਝ ਠੀਕ ਹੋ ਜਾਵੇਗਾ।''

ਹਾਲਾਂਕਿ ਇਰਾਨ ਨੇ ਸਾਫ਼ ਕੀਤਾ ਹੈ ਕਿ ਗਾਜ਼ਾ ਅਤੇ ਲੇਬਨਾਨ ਵਿਚ ਇਜ਼ਰਾਇਲ ਦੀ ਫ਼ੌਜੀ ਕਾਰਵਾਈ ਤੁਰਤ ਰੋਕੀ ਜਾਵੇ ਅਤੇ ਲੇਬਨਾਨੀ ਖੇਤਰ ਤੋਂ ਇਜ਼ਰਾਇਲੀ ਫੌਜ ਦੀ ਪੂਰੀ ਵਾਪਸੀ ਹੋਵੇ। ਦੂਜੇ ਪਾਸੇ, ਲੇਬਨਾਨ ਦੇ ਰਾਸ਼ਟਰਪਤੀ ਜੋਸੇਫ ਆਊਨ ਨੇ ਕਿਹਾ ਕਿ 'ਜੰਗ ਦੇ ਮੁਕਾਬਲੇ ਗੱਲਬਾਤ ਜ਼ਿਆਦਾ ਸੁਰੱਖਿਅਤ ਰਾਹ ਹੈ ਅਤੇ ਇਸ ਦਾ ਕੋਈ ਹੋਰ ਵਿਕਲਪ ਨਹੀਂ।'

ਇਸ ਸਾਰੇ ਹਾਲਾਤ ਨੇ ਮੱਧ-ਪੂਰਬ ਵਿਚ ਤਣਾਅ ਨੂੰ ਹੋਰ ਵਧਾ ਦਿਤਾ ਹੈ। ਇਰਾਨੀ ਵਿਦੇਸ਼ ਮੰਤਰੀ ਅਬਾਸ ਅਰਾਘਚੀ ਨੇ ਚੇਤਾਵਨੀ ਦਿਤੀ ਕਿ 'ਸ਼ਾਂਤੀਵਾਰਤਾ ਦਾ ਕਿਸੇ ਵੀ ਮੋਰਚੇ 'ਤੇ ਉਲੰਘਣ, ਪੂਰੇ ਸਮਝੌਤੇ ਦਾ ਉਲੰਘਣ ਮੰਨਿਆ ਜਾਵੇਗਾ।' ਇਹ ਸਪਸ਼ਟ ਹੈ ਕਿ ਇਰਾਨ-ਅਮਰੀਕਾ ਵਿਚਕਾਰ ਸੀਜ਼ਫਾਇਰ ਸਿਰਫ਼ ਕਾਗਜ਼ੀ ਰਹਿ ਗਿਆ ਹੈ ਅਤੇ ਖੇਤਰ ਵਿਚ ਸ਼ਾਂਤੀ ਦੀਆਂ ਉਮੀਦਾਂ ਹੋਰ ਕਮਜ਼ੋਰ ਹੋ ਰਹੀਆਂ ਹਨ।

ਇਸ ਤਾਜ਼ਾ ਵਿਕਾਸ ਤੋਂ ਬਾਅਦ ਕੌਮਾਂਤਰੀ ਬਾਜ਼ਾਰ ਵਿਚ ਤੇਲ ਦੀਆਂ ਕੀਮਤਾਂ ਤੇਜ਼ੀ ਨਾਲ ਵਧ ਗਈਆਂ। ਬ੍ਰੈਂਟ ਕਰੂਡ ਦਾ ਭਾਅ 6% ਵਧ ਕੇ 97 ਡਾਲਰ ਪ੍ਰਤੀ ਬੈਰਲ 'ਤੇ ਪਹੁੰਚ ਗਿਆ, ਜਦਕਿ ਅਮਰੀਕੀ ਕੱਚਾ ਤੇਲ 7.5% ਵਧ ਕੇ 94 ਡਾਲਰ ਪ੍ਰਤੀ ਬੈਰਲ ਹੋ ਗਿਆ।

ਇਸ ਜੰਗ ਕਾਰਨ ਹੋਰਮੁਜ਼ ਜਲਡਮਰੂਮੱਧ ਪ੍ਰਭਾਵਤ ਹੋਣ ਨਾਲ ਦੁਨੀਆਂ ਭਰ ਵਿਚ ਤੇਲ ਅਤੇ ਖਾਦਾਂ ਦੀ ਸਪਲਾਈ ਰੁਕਣ ਦਾ ਖ਼ਤਰਾ ਪੈਦਾ ਹੋ ਗਿਆ ਹੈ, ਜਿਸ ਨਾਲ ਆਉਣ ਵਾਲੇ ਦਿਨਾਂ ਵਿਚ ਆਲਮੀ ਪੱਧਰ ਉਤੇ ਮਹਿੰਗਾਈ ਹੋਰ ਵਧ ਸਕਦੀ ਹੈ।

ਹਾਲਾਂਕਿ ਇਰਾਨ ਦੇ ਰਾਸ਼ਟਰਪਤੀ ਮਸੂਦ ਪਜ਼ੇਸ਼ਕਿਯਾਨ ਨੇ ਜਪਾਨੀ ਪ੍ਰਧਾਨ ਮੰਤਰੀ ਨਾਲ ਗੱਲਬਾਤ ਦੌਰਾਨ ਕਿਹਾ ਕਿ 'ਇਰਾਨ ਚਾਹੁੰਦਾ ਹੈ ਕਿ ਜਪਾਨ ਦੇ ਜਹਾਜ਼ ਹੋਰਮੁਜ਼ ਸਟ੍ਰੇਟ ਤੋਂ ਬਿਨਾ ਕਿਸੇ ਰੁਕਾਵਟ ਦੇ ਸੁਰੱਖਿਅਤ ਤਰੀਕੇ ਨਾਲ ਗੁਜ਼ਰ ਸਕਣ।' ਉਨ੍ਹਾਂ ਨੇ ਇਹ ਵੀ ਜੋੜਿਆ ਕਿ 'ਮੌਜੂਦਾ ਮੁਸ਼ਕਲਾਂ ਦੀ ਵੱਡੀ ਵਜ੍ਹਾ ਅਮਰੀਕਾ ਵਲੋਂ ਲਗਾਏ ਗਏ ਪਾਬੰਦੀਆਂ ਹਨ।'

ਨੀਟ-ਯੂ ਜੀ ਪ੍ਰੀਖਿਆ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਨਿਰਪੱਖ ਤਰੀਕੇ ਨਾਲ ਕਰਵਾਉਣ ਦੀ ਲੋੜ 'ਤੇ ਜ਼ੋਰ

ਨਵੀਂ ਦਿੱਲੀ।

ਸਿੱਖਿਆ ਬਾਰੇ ਸੰਸਦੀ ਕਮੇਟੀ ਨੇ ਨੀਟ-ਯੂ ਜੀ ਪ੍ਰੀਖਿਆ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਨਿਰਪੱਖ ਤਰੀਕੇ ਨਾਲ ਕਰਵਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਕਮੇਟੀ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਜਦੋਂ ਵੀ ਪ੍ਰੀਖਿਆ ਪ੍ਰਣਾਲੀ ਵਿੱਚ ਕੋਈ ਖਾਮੀ ਜਾਂ ਨਾਕਾਮੀ ਹੁੰਦੀ ਹੈ ਤਾਂ ਅੰਤ ਇਸ ਦਾ ਖਮਿਆਜ਼ਾ ਵਿਦਿਆਰਥੀਆਂ ਨੂੰ ਭੁਗਤਨਾ ਪੈਂਦਾ ਹੈ। ਉੱਧਰ, ਸੁਪਰੀਮ ਕੋਰਟ ਨੇ 21 ਜੂਨ ਨੂੰ ਦੁਬਾਰਾ ਲਈ ਜਾਣ ਵਾਲੀ ਨੀਟ-ਯੂ ਜੀ ਪ੍ਰੀਖਿਆ ਕੰਪਿਊਟਰ ਆਧਾਰਿਤ ਮੋਡ ਵਿੱਚ ਕਰਵਾਉਣ ਦੀ ਮੰਗ ਵਾਲੀ ਪਟੀਸ਼ਨ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਜਸਟਿਸ ਪੀ ਐੱਸ ਨਰਸਿਮ੍ਹਾ ਅਤੇ ਅਰਵਿੰਦ ਕੁਮਾਰ ਦੇ ਬੈਂਚ ਨੇ ਕਿਹਾ ਕਿ ਨੈਸ਼ਨਲ ਟੈਸਟਿੰਗ ਏਜੰਸੀ (ਐੱਨ ਟੀ ਏ) ਪਹਿਲਾਂ ਹੀ ਕਈ ਸਮੱਸਿਆਵਾਂ ਅਤੇ ਦਬਾਅ ਦਾ ਸਾਹਮਣਾ ਕਰ ਰਹੀ ਹੈ। ਇਸੇ ਦੌਰਾਨ ਕਾਂਗਰਸ ਆਗੂ ਜੈਰਾਮ ਰਮੇਸ਼ ਨੇ ਦਾਅਵਾ ਕੀਤਾ ਕਿ ਸਿੱਖਿਆ ਬਾਰੇ ਸੰਸਦੀ ਸਟੈਂਡਿੰਗ ਕਮੇਟੀ ਨੇ ਨੀਟ ਵਿਵਾਦ ਮਾਮਲੇ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਾਂ ਸਰਕਾਰ ਦੀ ਪ੍ਰੀਖਿਆ ਪ੍ਰਣਾਲੀ ਨੂੰ ਕੋਈ ਕਲੀਨ ਚਿੱਟ ਨਹੀਂ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਮਾੜੇ ਪ੍ਰਬੰਧਾਂ ਅਤੇ ਪੇਪਰ ਲੀਕ ਕਾਰਨ ਜਨਤਾ ਦਾ ਭਰੋਸਾ

ਖ਼ਤਮ ਹੋਇਆ ਹੈ, ਜਦਕਿ ਪ੍ਰਧਾਨ ਮੰਤਰੀ ਖੁਦ ਦੁਬਾਰਾ ਲਈ ਜਾਣ ਵਾਲੀ ਨੀਟ ਪ੍ਰੀਖਿਆ ਦੀ ਨਿਗਰਾਨੀ ਕਰ ਰਹੇ ਹਨ।

ਸੂਤਰਾਂ ਅਨੁਸਾਰ ਕਾਂਗਰਸੀ ਸੰਸਦ ਮੈਂਬਰ ਦਿਗਵਿਜੈ ਸਿੰਘ ਦੀ ਅਗਵਾਈ ਹੇਠ ਹੋਈ ਅਹਿਮ ਮੀਟਿੰਗ ਵਿੱਚ ਕਮੇਟੀ ਮੈਂਬਰਾਂ ਨੇ ਕੌਮੀ ਟੈਸਟਿੰਗ ਏਜੰਸੀ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਸਿੱਖਿਆ ਅਤੇ ਨੀਟ ਪ੍ਰੀਖਿਆ ਨਾਲ ਜੁੜੇ ਮੁੱਦਿਆਂ ਦਾ ਸਿਆਸੀਕਰਨ ਨਹੀਂ ਕਰਨਾ ਚਾਹੁੰਦੇ ਪਰ ਪ੍ਰੀਖਿਆ ਪ੍ਰਕਿਰਿਆ ਦੀ ਪਾਰਦਰਸ਼ਤਾ ਅਤੇ ਭਰੋਸੇਯੋਗਤਾ ਬਹਾਲ ਹੋਣੀ ਬੇਹੱਦ ਜ਼ਰੂਰੀ ਹੈ। ਕਮੇਟੀ ਮੈਂਬਰਾਂ ਨੇ ਟਿੱਪਣੀ ਕੀਤੀ, ''ਵਿਦਿਆਰਥੀਆਂ ਦਾ ਭਵਿੱਖ ਦਾਅ 'ਤੇ ਲੱਗਾ ਹੋਇਆ ਹੈ। ਸਿਸਟਮ ਫੇਲ੍ਹ ਹੋਵੇ ਜਾਂ ਸਰਕਾਰ, ਨੁਕਸਾਨ ਹਮੇਸ਼ਾ ਵਿਦਿਆਰਥੀਆਂ ਦਾ ਹੀ ਹੁੰਦਾ ਹੈ।'' ਚਰਚਾ ਦਾ ਮੁੱਖ ਕੇਂਦਰ 21 ਜੂਨ ਨੂੰ ਦੁਬਾਰਾ ਲਈ ਜਾਣ ਵਾਲੀ ਨੀਟ ਪ੍ਰੀਖਿਆ ਅਤੇ ਐੱਨ ਟੀ ਏ ਦੀ ਕਾਰਜ ਪ੍ਰਣਾਲੀ ਨਾਲ ਜੁੜੀਆਂ ਚਿੰਤਾਵਾਂ ਸਨ। ਕਮੇਟੀ ਨੇ ਰਵਾਇਤੀ ਪੈੱਨ ਅਤੇ ਪੇਪਰ ਵਿਧੀ ਰਾਹੀਂ ਪ੍ਰੀਖਿਆ ਦੀ ਬਜਾਏ ਕੰਪਿਊਟਰ ਆਧਾਰਿਤ ਟੈਸਟਿੰਗ (ਸੀ ਬੀ ਟੀ) ਮੋਡ ਅਪਣਾਉਣ ਦੇ ਫਾਇਦਿਆਂ ਅਤੇ ਨੁਕਸਾਨਾਂ ਬਾਰੇ ਵੀ ਵਿਚਾਰ ਕੀਤਾ। ਤਿੰਨ ਘੰਟੇ ਤੋਂ ਵੱਧ ਸਮਾਂ ਚੱਲੀ ਮੀਟਿੰਗ ਵਿੱਚ ਐੱਨ ਟੀ ਏ ਦੇ ਡਾਇਰੈਕਟਰ ਜਨਰਲ ਅਭਿਸ਼ੇਕ ਸਿੰਘ ਅਤੇ ਸਿੱਖਿਆ ਮੰਤਰਾਲੇ ਦੇ ਸੀਨੀਅਰ ਅਧਿਕਾਰੀ ਮੌਜੂਦ ਸਨ। ਜ਼ਿਕਰਯੋਗ ਹੈ ਕਿ ਪੇਪਰ ਲੀਕ ਦੇ ਦੋਸ਼ਾਂ ਤੋਂ ਬਾਅਦ 3 ਮਈ ਨੂੰ ਹੋਈ ਪ੍ਰੀਖਿਆ ਰੱਦ ਕਰ ਦਿੱਤੀ ਗਈ ਸੀ, ਜਿਸ ਦੀ ਜਾਂਚ ਸੀ ਬੀ ਆਈ ਕਰ ਰਹੀ ਹੈ।

ਕਿਸਾਨ ਪ੍ਰਦਰਸ਼ਨ ਤੋਂ ਪਹਿਲਾਂ ਚੰਡੀਗੜ੍ਹ-ਮੋਹਾਲੀ ਬਾਰਡਰ ਸੀਲ

ਕਿਸਾਨਾਂ ਨੂੰ ਰੋਕਣ ਲਈ ਸਰਹੱਦ 'ਤੇ ਲਗਾਈ ਗਈ ਕੰਡਿਆਲੀ ਤਾਰ

ਮੋਹਾਲੀ: ਪੰਜਾਬ ਦੇ ਕਿਸਾਨਾਂ ਨੇ ਸੋਮਵਾਰ ਨੂੰ ਮੋਹਾਲੀ ਤੋਂ ਚੰਡੀਗੜ੍ਹ ਲਈ ਆਪਣਾ ਮਾਰਚ ਸ਼ੁਰੂ ਕੀਤਾ। ਉਹ ਫੋਰਟਿਸ ਹਸਪਤਾਲ ਦੇ ਨੇੜਿਓਂ ਬੁੜੈਲ ਜੇਲ੍ਹ ਵੱਲ ਵਧ ਰਹੇ ਹਨ। ਚੰਡੀਗੜ੍ਹ ਪੁਲਿਸ ਨੇ ਸ਼ਹਿਰ ਦੇ ਐਂਟਰੀ ਪੁਆਇੰਟਾਂ ਅਤੇ ਸਰਹੱਦੀ ਖੇਤਰਾਂ ਨੂੰ ਸੀਲ ਕਰ ਦਿੱਤਾ ਹੈ। ਕਿਸਾਨ ਟਰੈਕਟਰਾਂ ਅਤੇ ਪੈਦਲ ਮਾਰਚ ਰਾਹੀਂ ਸੈਕਟਰ 17 ਪਹੁੰਚਣ ਦੀ ਰਣਨੀਤੀ ਅਪਣਾ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਉਨ੍ਹਾਂ ਨੂੰ ਰੋਕਿਆ ਗਿਆ

ਤਾਂ ਉਹ ਮੌਕੇ 'ਤੇ ਹੀ ਸਥਾਈ ਵਿਰੋਧ ਪ੍ਰਦਰਸ਼ਨ ਕਰਨਗੇ। ਮੋਹਾਲੀ ਅਤੇ ਚੰਡੀਗੜ੍ਹ ਪੁਲਿਸ ਅਧਿਕਾਰੀ ਇਸ ਸਮੇਂ ਕਿਸਾਨਾਂ ਨੂੰ ਮਨਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਡੱਲੇਵਾਲ ਨੇ ਕਿਹਾ, "ਮੈਂ ਆਪਣੇ ਕਿਸਾਨਾਂ ਨੂੰ ਧੁੱਪ ਵਿੱਚ ਛੱਡ ਕੇ ਮੀਟਿੰਗ ਵਿੱਚ ਨਹੀਂ ਜਾ ਸਕਦਾ। ਪਹਿਲਾਂ ਸਾਡੇ ਲੋਕਾਂ ਨੂੰ ਟੈਂਗ ਲਗਾਉਣ ਦਿਓ। ਫਿਰ ਅਸੀਂ ਮੀਟਿੰਗ ਵਿੱਚ ਜਾਵਾਂਗੇ। ਨਹੀਂ ਤਾਂ, ਪੁਲਿਸ ਕੋਲ ਡੰਡੇ ਵਰਤਣ ਦਾ ਵਿਕਲਪ ਹੋਵੇਗਾ।"

ਗਾਜ਼ੀਆਬਾਦ 'ਚ ਪੈਰਾ-ਐਥਲੀਟ ਚਿਰਾਗ ਤਿਆਗੀ ਦਾ ਕਤਲ

ਗਾਜ਼ੀਆਬਾਦ : ਉੱਤਰ ਪ੍ਰਦੇਸ਼ ਦੇ ਗਾਜ਼ੀਆਬਾਦ ਵਿਚ ਇਕ ਹੈਰਾਨੀਜਨਕ ਘਟਨਾ ਸਾਹਮਣੇ ਆਈ ਹੈ, ਜਿੱਥੇ ਕੌਮੀ ਪੱਧਰ ਦੇ ਪੈਰਾ-ਐਥਲੀਟ ਅਤੇ ਸੋਨ ਤਮਗਾ ਜੇਤੂ ਚਿਰਾਗ ਤਿਆਗੀ ਦਾ ਗੋਲੀ ਮਾਰ ਕੇ ਕਤਲ ਕਰ ਦਿਤਾ ਗਿਆ। ਪੁਲਿਸ ਨੇ ਇਸ ਮਾਮਲੇ ਵਿਚ ਇਕ ਹੋਰ ਪੈਰਾ-ਐਥਲੀਟ ਯਸ਼ ਖਟੀਕ ਨੂੰ ਗ੍ਰਿਫ਼ਤਾਰ ਕੀਤਾ ਹੈ।

ਪੁਲਿਸ ਅਨੁਸਾਰ ਇਹ ਮਾਮਲਾ ਦਸਤਾਵੇਜ਼ਾਂ ਦੀ ਜਾਂਚ ਦੌਰਾਨ ਹੋਈ ਰੰਜਿਸ਼ ਨਾਲ ਜੁੜਿਆ ਹੋਇਆ ਹੈ। ਡੀ.ਸੀ.ਪੀ. (ਸਿਟੀ) ਧਵਲ ਜੈਸਵਾਲ ਨੇ ਐਤਵਾਰ ਨੂੰ ਦੱਸਿਆ ਕਿ ਲਾਸ਼ ਦੀ ਮੁਢਲੀ ਜਾਂਚ ਅਤੇ ਮੌਕੇ ਤੋਂ ਇਕੱਠੇ ਕੀਤੇ ਸਬੂਤਾਂ ਤੋਂ ਪਤਾ ਲਗਦਾ ਹੈ ਕਿ ਤਿਆਗੀ ਦੀ ਗੋਲੀ ਮਾਰ ਕੇ ਹੱਤਿਆ ਕੀਤੀ ਗਈ ਸੀ। ਪੁੱਛ-ਪੜਤਾਲ ਦੌਰਾਨ ਇਹ ਪ੍ਰਗਟਾਵਾ ਹੋਇਆ ਕਿ ਚਿਰਾਗ ਤਿਆਗੀ ਨੇ ਯਸ਼ ਖਟੀਕ ਦੇ ਦਸਤਾਵੇਜ਼ਾਂ ਦੀ ਤਸਦੀਕ ਦੌਰਾਨ ਸ਼ਿਕਾਇਤ ਦਰਜ ਕਰਵਾਈ ਸੀ। ਜਿਸ ਤੋਂ ਬਾਅਦ ਖਟੀਕ ਦੀ ਯੋਗਤਾ ਰੱਦ ਕਰ ਦਿਤੀ ਗਈ ਸੀ। ਅਧਿਕਾਰੀ ਨੇ ਦਸਿਆ ਕਿ ''ਇਸ ਕਾਰਨ ਖਟੀਕ ਦੇ ਮਨ ਵਿਚ ਗੁੱਸਾ ਸੀ ਅਤੇ ਉਹ ਬਦਲਾ ਲੈਣਾ ਚਾਹੁੰਦਾ ਸੀ।'' ਮੁਲਜ਼ਮ ਨੇ ਪਿਸਤੌਲ ਨਾਲ ਚਿਰਾਗ 'ਤੇ ਗੋਲੀ ਚਲਾਉਣ ਦੀ ਗੱਲ ਕਬੂਲ ਕਰ ਲਈ ਹੈ ਅਤੇ ਪੁਲਿਸ ਹਥਿਆਰ ਬਰਾਮਦ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਕਮਰਸ਼ੀਅਲ ਗੈਸ ਸਲਿੰਡਰ 42 ਰੁਪਏ ਮਹਿੰਗਾ

ਨਵੀਂ ਦਿੱਲੀ। ਦੇਸ਼ ਵਿੱਚ ਮਹਿੰਗਾਈ ਦਾ ਇੱਕ ਹੋਰ ਝਟਕਾ ਦਿੰਦਿਆਂ ਸਰਕਾਰੀ ਤੇਲ ਕੰਪਨੀਆਂ ਨੇ 19 ਕਿਲੋਗ੍ਰਾਮ ਵਾਲੇ ਕਮਰਸ਼ੀਅਲ ਐਲ.ਪੀ.ਜੀ. ਸਲਿੰਡਰ ਦੀਆਂ ਕੀਮਤਾਂ ਵਿੱਚ ਵਾਧਾ ਕਰ ਦਿੱਤਾ ਹੈ। ਦਿੱਲੀ ਵਿੱਚ ਕਮਰਸ਼ੀਅਲ ਸਲਿੰਡਰ ਦੀ ਕੀਮਤ 42 ਰੁਪਏ ਵਧਾ ਕੇ 3113.50 ਰੁਪਏ ਕਰ ਦਿੱਤੀ ਗਈ ਹੈ, ਜਦੋਂ ਕਿ ਕੋਲਕਾਤਾ ਵਿੱਚ ਇਸ ਦੀ ਕੀਮਤ 53.50 ਰੁਪਏ ਦੇ ਵਾਧੇ ਨਾਲ 3255.50 ਰੁਪਏ ਤੱਕ ਪਹੁੰਚ ਗਈ ਹੈ। ਨਵੀਆਂ ਦਰਾਂ ਅੱਜ ਤੋਂ ਲਾਗੂ ਹੋ ਗਈਆਂ ਹਨ। ਇਸ ਦੇ ਨਾਲ ਹੀ 5 ਕਿਲੋਗ੍ਰਾਮ ਵਾਲੇ ਐਫ.ਟੀ.ਐਲ. (ਫ੍ਰੀ ਟਰੇਡ ਐਲ.ਪੀ.ਜੀ.) ਸਲਿੰਡਰ ਦੀ ਕੀਮਤ ਵਿੱਚ ਵੀ 11 ਰੁਪਏ ਦਾ ਵਾਧਾ ਕੀਤਾ ਗਿਆ ਹੈ, ਜਿਸ ਤੋਂ ਬਾਅਦ ਦਿੱਲੀ ਵਿੱਚ ਇਹ 821.50 ਰੁਪਏ ਦਾ ਮਿਲੇਗਾ। ਰਾਹਤ ਦੀ ਗੱਲ ਇਹ ਹੈ ਕਿ ਘਰੇਲੂ ਰਸੋਈ ਗੈਸ ਸਲਿੰਡਰਾਂ ਦੀਆਂ ਕੀਮਤਾਂ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ। ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਦੀ ਸੰਯੁਕਤ

ਸਕੱਤਰ ਸੁਜਾਤਾ ਸ਼ਰਮਾ ਨੇ ਇੱਕ ਅੰਤਰ-ਮੰਤਰਾਲਾ ਮੀਟਿੰਗ ਦੌਰਾਨ ਦੱਸਿਆ ਕਿ ਸਰਕਾਰ ਪੱਛਮੀ ਏਸ਼ੀਆ ਦੇ ਸੰਕਟ ਦਰਮਿਆਨ ਬਾਲਣ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਰਣਨੀਤਕ ਭੰਡਾਰਾਂ ਤੇ ਕੰਮ ਕਰ ਰਹੀ ਹੈ। ਤੇਲ ਮਾਰਕੀਟਿੰਗ ਕੰਪਨੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਆਪਣੇ ਕੋਲ ਘੱਟੋ-ਘੱਟ 30 ਦਿਨਾਂ ਦਾ ਐਲ.ਪੀ.ਜੀ. ਸਟਾਕ ਯਕੀਨੀ ਬਣਾਉਣ। ਉਨ੍ਹਾਂ ਦੇਸ਼ ਵਾਸੀਆਂ ਨੂੰ ਭਰੋਸਾ ਦਿੰਦਿਆਂ ਕਿਹਾ ਕਿ ਦੇਸ਼ ਵਿੱਚ ਪੈਟਰੋਲ, ਡੀਜ਼ਲ ਅਤੇ ਗੈਸ ਦਾ ਕੋਈ ਸੰਕਟ ਨਹੀਂ ਹੈ। ਸਾਡੀਆਂ ਰਿਫਾਇਨਰੀਆਂ ਪੂਰੀ ਸਮਰੱਥਾ ਨਾਲ ਕੰਮ ਕਰ ਰਹੀਆਂ ਹਨ ਅਤੇ ਐਲ.ਪੀ.ਜੀ. ਦਾ ਉਤਪਾਦਨ ਲਗਭਗ 90 ਡੀ.ਐਮ.ਟੀ. ਪ੍ਰਤੀ ਦਿਨ ਦੇ ਰਿਕਾਰਡ ਪੱਧਰ ਤੇ ਹੈ।

ਸੰਯੁਕਤ ਸਕੱਤਰ ਨੇ ਇਹ ਵੀ ਸਵੀਕਾਰ ਕੀਤਾ ਕਿ ਕੁਝ ਖੇਤਰਾਂ ਵਿੱਚ ਖੇਤੀਬਾੜੀ ਮੰਗ ਅਤੇ ਬਲਕ ਸਪਲਾਈ ਕਾਰਨ ਪੈਟਰੋਲ ਪੰਪਾਂ ਤੇ ਅਸਧਾਰਨ ਵਿਕਰੀ ਦੇਖੀ ਗਈ ਹੈ, ਜਿਸ ਵਿੱਚ 30 ਫੀਸਦੀ ਤੋਂ ਵੱਧ ਦਾ ਉਛਾਲ ਆਇਆ ਹੈ। ਤੇਲ ਦੀ ਕਾਲਾਬਾਜ਼ਾਰੀ ਅਤੇ ਗੈਰ-ਕਾਨੂੰਨੀ ਵਰਤੋਂ ਨੂੰ ਰੋਕਣ ਲਈ ਸਰਕਾਰ ਨੇ ਸਖ਼ਤ ਰੁਖ਼ ਅਖਤਿਆਰ ਕਰ ਲਿਆ ਹੈ। ਪਿਛਲੇ ਚਾਰ ਦਿਨਾਂ ਵਿੱਚ ਐਲ.ਪੀ.ਜੀ. ਡਿਸਟ੍ਰੀਬਿਊਟਰਾਂ ਤੇ 6,500 ਤੋਂ ਵੱਧ ਛਾਪੇ ਮਾਰੇ ਗਏ ਹਨ, ਜਿਸ ਤਹਿਤ 5 ਐਫ.ਆਈ.ਆਰ. ਦਰਜ ਕਰਕੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸੇ ਤਰ੍ਹਾਂ ਪੈਟਰੋਲ ਪੰਪਾਂ ਤੇ ਕੀਤੀਆਂ ਗਈਆਂ 900 ਛਾਪੇਮਾਰੀਆਂ ਦੌਰਾਨ ਹਜ਼ਾਰਾਂ ਲੀਟਰ ਤੇਲ ਜ਼ਬਤ ਕਰਕੇ 15 ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਸਰਕਾਰ ਮੁਤਾਬਕ ਫਿਲਹਾਲ ਗੈਸ ਦੀ ਬੈਕਲੌਗ ਸਪਲਾਈ ਘਟ ਕੇ 4.5 ਦਿਨ ਰਹਿ ਗਈ ਹੈ ਅਤੇ ਸਥਿਤੀ ਪੂਰੀ ਤਰ੍ਹਾਂ ਕੰਟਰੋਲ ਹੇਠ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਲੁਧਿਆਣਾ ਫੈਕਟਰੀ ਵਿੱਚ ਹੋਈ ਗੈਸ ਲੀਕ, ਪਿਓ-ਪੁੱਤਰ ਦੀ ਦਮ ਘੁੱਟਣ ਨਾਲ ਹੋਈ ਮੌਤ

ਲੁਧਿਆਣਾ ਵਿੱਚ ਇੱਕ ਪਾਨਾ ਚਾਬੀ ਬਣਾਉਣ ਵਾਲੀ ਫੈਕਟਰੀ ਵਿੱਚ ਅਚਾਨਕ ਜ਼ਹਿਰੀਲੀ ਗੈਸ ਲੀਕ ਹੋ ਗਈ। ਇਸ ਹਾਦਸੇ ਵਿੱਚ ਇੱਕ ਪਿਓ ਪੁੱਤ ਦੀ ਦਮ ਘੁੱਟਣ ਨਾਲ ਮੌਤ ਹੋ ਗਈ, ਜਦੋਂ ਕਿ ਕਈ ਮਜ਼ਦੂਰ ਬੇਹੋਸ਼ ਹੋ ਗਏ ਅਤੇ ਕਈ ਹੋਰਾਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਚਸ਼ਮਦੀਦਾਂ ਦੇ ਅਨੁਸਾਰ, ਫੈਕਟਰੀ ਵਿੱਚ ਕੰਮ ਆਮ ਵਾਂਗ ਚੱਲ ਰਿਹਾ ਸੀ। ਅਚਾਨਕ, ਇੱਕ ਗੈਸ ਪਾਈਪਲਾਈਨ ਲੀਕ ਹੋਣ ਲੱਗਾ। ਕੁਝ ਮਿੰਟਾਂ ਵਿੱਚ ਹੀ, ਜ਼ਹਿਰੀਲੀ ਗੈਸ ਪੂਰੀ ਫੈਕਟਰੀ ਵਿੱਚ ਫੈਲ ਗਈ। ਗੈਸ ਦਾ ਪ੍ਰਭਾਵ ਇੰਨਾ ਤੇਜ਼ ਸੀ ਕਿ ਅੰਦਰ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਬਾਹਰ ਨਿਕਲਣ ਦਾ ਮੌਕਾ ਵੀ ਨਹੀਂ ਮਿਲਿਆ। ਦਮ ਘੁੱਟਣ ਅਤੇ ਅੱਖਾਂ ਵਿੱਚ ਗੰਭੀਰ ਜਲਣ ਕਾਰਨ ਕਈ ਮਜ਼ਦੂਰ ਫੈਕਟਰੀ ਦੇ ਅੰਦਰ ਜ਼ਮੀਨ 'ਤੇ ਡਿੱਗ ਪਏ। ਹਾਦਸੇ ਦੀ ਖ਼ਬਰ ਮਿਲਦੇ ਹੀ ਇਲਾਕੇ ਵਿੱਚ ਦਹਿਸ਼ਤ ਫੈਲ ਗਈ। ਫੈਕਟਰੀ ਦੇ ਅੰਦਰ ਮੌਜੂਦ

ਲੋਕਾਂ ਨੂੰ ਕੱਢਣ ਦੀਆਂ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ। ਮ੍ਰਿਤਕਾਂ ਦੀ ਪਛਾਣ ਪਿਤਾ ਮਾਨਾ ਅਤੇ ਪੁੱਤਰ ਅਮਿਤ ਵਜੋਂ ਹੋਈ ਹੈ। ਉਹ ਦੋਵੇਂ ਮਸ਼ੀਨ ਦੇ ਹੇਠੋਂ ਨਿਕਲਣ ਵਾਲੀ ਮਿੱਟੀ ਨੂੰ ਟਰਾਲੀ ਵਿਚ ਭਰਨ ਲਈ ਗਏ ਸਨ। ਇਸ ਸਮੇਂ ਦੌਰਾਨ, ਉਹ ਹਾਦਸੇ ਦਾ ਸ਼ਿਕਾਰ ਹੋ ਗਏ। ਪਰਿਵਾਰ ਦੇ ਅਨੁਸਾਰ, ਮਾਨਾ ਅਤੇ ਅਮਿਤ ਦੋਵੇਂ ਪਰਿਵਾਰ ਦੇ ਕਮਾਊ ਮੈਂਬਰ ਸਨ। ਅਮਿਤ ਦੀਆਂ ਦੋ ਭੈਣਾਂ ਅਤੇ ਇੱਕ ਛੋਟਾ ਭਰਾ ਵੀ ਹੈ। ਅਮਿਤ ਵਿਆਹਿਆ ਹੋਇਆ ਸੀ। ਉਸ ਦੀ ਪਤਨੀ ਇੱਕ ਘਰੇਲੂ ਔਰਤ ਹੈ ਅਤੇ ਉਨ੍ਹਾਂ ਦੀ ਇੱਕ ਸਾਲ ਦੀ ਧੀ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

ਅੰਮ੍ਰਿਤਸਰ: ਨਕਲੀ ਖੋਏ ਅਤੇ ਪਨੀਰ ਖ਼ਿਲਾਫ਼ ਕਿਸਾਨਾਂ ਦਾ ਪ੍ਰਦਰਸ਼ਨ, ਸੜਕਾਂ 'ਤੇ ਦੁੱਧ ਡੋਲ ਕੇ ਜਤਾਇਆ ਰੋਸ

ਸਿੰਥੈਟਿਕ ਡੇਅਰੀ ਉਤਪਾਦਾਂ ਨਾਲ ਲੋਕਾਂ ਦੀ ਸਿਹਤ ਅਤੇ ਪਸ਼ੂ ਪਾਲਕਾਂ ਦੀ ਰੋਜ਼ੀ-ਰੋਟੀ ਨੂੰ ਖ਼ਤਰਾ

ਅੰਮ੍ਰਿਤਸਰ: ਨਕਲੀ ਖੋਏ, ਸਿੰਥੈਟਿਕ ਪਨੀਰ ਅਤੇ ਮਿਲਾਵਟੀ ਡੇਅਰੀ ਉਤਪਾਦਾਂ ਖ਼ਿਲਾਫ਼ ਭਾਰਤੀ ਕਿਸਾਨ ਏਕਤਾ ਸਿੱਧੂਪੁਰ ਵੱਲੋਂ ਅੰਮ੍ਰਿਤਸਰ ਵਿੱਚ ਜ਼ੋਰਦਾਰ ਪ੍ਰਦਰਸ਼ਨ ਕੀਤਾ ਗਿਆ। ਕਿਸਾਨਾਂ ਨੇ ਪ੍ਰਸ਼ਾਸਨ ਖ਼ਿਲਾਫ਼ ਰੋਸ ਜਤਾਉਂਦਿਆਂ ਪ੍ਰਤੀਕਾਤਮਕ ਤੌਰ 'ਤੇ ਸੜਕਾਂ 'ਤੇ ਦੁੱਧ ਡੋਲ੍ਹਿਆ ਅਤੇ ਮਿਲਾਵਟੀ ਖਾਦ ਪਦਾਰਥਾਂ ਦੀ ਵਿਕਰੀ 'ਤੇ ਤੁਰੰਤ ਰੋਕ ਲਗਾਉਣ ਦੀ ਮੰਗ ਕੀਤੀ। ਇਸ ਦੌਰਾਨ ਕਿਸਾਨ ਆਗੂਆਂ ਨੇ ਦੋਸ਼ ਲਗਾਇਆ ਕਿ ਪ੍ਰਸ਼ਾਸਨ ਵੱਲੋਂ ਸਮੇਂ-ਸਮੇਂ 'ਤੇ ਕੀਤੀਆਂ ਜਾਣ ਵਾਲੀਆਂ ਛਾਪੇਮਾਰੀਆਂ ਸਿਰਫ਼ ਦਿਖਾਵਾ ਬਣ ਕੇ ਰਹਿ ਗਈਆਂ ਹਨ ਅਤੇ ਸ਼ਹਿਰ ਵਿੱਚ ਖੁੱਲ੍ਹੇਆਮ ਨਕਲੀ ਡੇਅਰੀ ਉਤਪਾਦ ਵੇਚੇ ਜਾ ਰਹੇ ਹਨ।

ਜ਼ਿਲ੍ਹਾ ਪ੍ਰਧਾਨ ਕਰਮਜੀਤ ਸਿੰਘ ਨੰਗਲੀ ਨੇ ਕਿਹਾ ਕਿ ਉਹ ਕਈ ਵਾਰ ਸਿਵਲ ਸਰਜਨ, ਪੁਲਿਸ ਕਮਿਸ਼ਨਰ ਅਤੇ ਹੋਰ ਸੀਨੀਅਰ ਅਧਿਕਾਰੀਆਂ ਨੂੰ ਸ਼ਿਕਾਇਤਾਂ ਦੇ ਚੁੱਕੇ ਹਨ, ਪਰ ਕਾਰਵਾਈ ਕੁਝ ਦਿਨਾਂ ਤੱਕ ਹੀ ਸੀਮਿਤ ਰਹਿੰਦੀ ਹੈ। ਉਨ੍ਹਾਂ ਦੇ ਅਨੁਸਾਰ ਅੰਮ੍ਰਿਤਸਰ ਵਿੱਚ ਵੱਡੀ ਗਿਣਤੀ ਵਿੱਚ ਦੁਕਾਨਾਂ ਅਤੇ ਫੈਕਟਰੀਆਂ ਵਿੱਚ ਘਟੀਆ ਮਿਆਰ ਦਾ ਖੋਆ, ਪਨੀਰ ਅਤੇ ਮਿਠਾਈਆਂ ਤਿਆਰ ਕਰਕੇ ਬਾਜ਼ਾਰ ਵਿੱਚ ਵੇਚੀਆਂ ਜਾ ਰਹੀਆਂ ਹਨ, ਜਿਸ ਨਾਲ ਲੋਕਾਂ ਦੀ ਸਿਹਤ ਨਾਲ ਗੰਭੀਰ ਖਿਲਵਾੜ ਹੋ ਰਿਹਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਸ਼ਹਿਰ ਦੇ ਵੱਖ-

ਵੱਖ ਇਲਾਕਿਆਂ ਵਿੱਚ ਚੱਲ ਰਹੀਆਂ ਫੈਕਟਰੀਆਂ ਵਿੱਚ ਵੱਡੇ ਪੱਧਰ 'ਤੇ ਸਿੰਥੈਟਿਕ ਡੇਅਰੀ ਉਤਪਾਦ ਤਿਆਰ ਕੀਤੇ ਜਾ ਰਹੇ ਹਨ। ਸਸਤੇ ਭਾਅ 'ਤੇ ਵਿਕਣ ਵਾਲੇ ਇਨ੍ਹਾਂ ਉਤਪਾਦਾਂ ਕਾਰਨ ਇੱਕ ਪਾਸੇ ਲੋਕਾਂ ਦੀ ਸਿਹਤ 'ਤੇ ਮਾੜਾ ਅਸਰ ਪੈ ਰਿਹਾ ਹੈ, ਜਦਕਿ ਦੂਜੇ ਪਾਸੇ ਦੁੱਧ ਉਤਪਾਦਕਾਂ ਅਤੇ ਪਸ਼ੂ ਪਾਲਕਾਂ ਨੂੰ ਭਾਰੀ ਆਰਥਿਕ ਨੁਕਸਾਨ ਝੱਲਣਾ ਪੈ ਰਿਹਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਸੰਬੰਧਿਤ ਵਿਭਾਗਾਂ ਨੂੰ ਇਸ ਸਾਰੇ ਮਾਮਲੇ ਦੀ ਜਾਣਕਾਰੀ ਹੋਣ ਦੇ ਬਾਵਜੂਦ ਪ੍ਰਭਾਵਸ਼ਾਲੀ ਕਾਰਵਾਈ ਨਹੀਂ ਕੀਤੀ ਜਾ ਰਹੀ।

ਕਿਸਾਨ ਆਗੂਆਂ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦਾ ਮਕਸਦ ਕਿਸੇ ਵੀ ਖਾਣ-ਪੀਣ ਵਾਲੀ ਵਸਤੂ ਨੂੰ ਬਰਬਾਦ ਕਰਨਾ ਨਹੀਂ, ਸਗੋਂ ਲੋਕਾਂ ਨੂੰ ਜਾਗਰੂਕ ਕਰਨਾ ਹੈ। ਉਨ੍ਹਾਂ ਕਿਹਾ ਕਿ ਦੁੱਧ ਉਨ੍ਹਾਂ ਲਈ ਅੰਮ੍ਰਿਤ ਦੇ ਬਰਾਬਰ ਹੈ, ਪਰ ਜਦੋਂ ਅਸਲੀ ਦੁੱਧ ਉਤਪਾਦਕ ਪਰੇਸ਼ਾਨ ਹੋਣ ਅਤੇ ਬਾਜ਼ਾਰ ਵਿੱਚ ਨਕਲੀ ਉਤਪਾਦਾਂ ਦਾ ਧੰਦਾ ਫਲ-ਫੂਲ ਰਿਹਾ ਹੋਵੇ ਤਾਂ ਵਿਰੋਧ ਦਰਜ ਕਰਵਾਉਣਾ ਲਾਜ਼ਮੀ ਹੋ ਜਾਂਦਾ ਹੈ।

ਮੋਹਾਲੀ ਪੁਲਿਸ ਵੱਲੋਂ ਵਾਹਨ ਚੋਰ ਗਿਰੋਹ ਦੇ 4 ਮੈਂਬਰ ਕਾਬੂ, 8 ਮੋਟਰਸਾਈਕਲ ਅਤੇ 1 ਐਕਟਿਵਾ ਬਰਾਮਦ

ਮੋਹਾਲੀ: ਐਸ.ਐਸ.ਪੀ. ਸ੍ਰੀ ਹਰਮਨਦੀਪ ਸਿੰਘ ਹੰਸ ਅਤੇ ਐਸ.ਪੀ. (ਸਿਟੀ) ਸ੍ਰੀ ਦਿਲਪ੍ਰੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਵਾਹਨ ਚੋਰੀ ਵਿਰੁੱਧ ਚਲਾਈ ਮੁਹਿੰਮ ਤਹਿਤ ਥਾਣਾ ਫੇਜ਼-1 ਮੋਹਾਲੀ ਦੀ ਪੁਲਿਸ ਨੇ ਇੱਕ ਵੱਡੀ ਸਫਲਤਾ ਹਾਸਲ ਕੀਤੀ ਹੈ। ਪੁਲਿਸ ਨੇ ਵਾਹਨ ਚੋਰੀ ਕਰਨ ਵਾਲੇ ਗਿਰੋਹ ਦੇ 4 ਮੈਂਬਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਚੋਰੀ ਦੇ ਕੁੱਲ 08 ਮੋਟਰਸਾਈਕਲ ਅਤੇ 01 ਐਕਟਿਵਾ ਸਕੂਟਰੀ ਬਰਾਮਦ ਕੀਤੀ ਹੈ। ਡੀ.ਐਸ.ਪੀ. (ਸਿਟੀ-1) ਸ੍ਰੀ ਗੁਰਚਰਨ ਸਿੰਘ ਅਤੇ ਮੁੱਖ ਅਫ਼ਸਰ ਸੁਖਬੀਰ ਸਿੰਘ ਦੀ ਅਗਵਾਈ ਹੇਠ ਪੁਲਿਸ ਟੀਮ ਨੇ ਵੱਖ-ਵੱਖ ਮਿਤੀਆਂ ਦੌਰਾਨ ਕਾਰਵਾਈ ਕਰਦੇ ਹੋਏ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ: ਹਰਵਿੰਦਰ ਕੁਮਾਰ (ਵਾਸੀ ਬਲੌਂਗੀ): ਇਸ ਕੋਲੋਂ 02 ਮੋਟਰਸਾਈਕਲ ਬਰਾਮਦ ਹੋਏ। ਭਰਤ ਕੁਮਾਰ ਉਰਫ਼ ਮੰਗੂ (ਵਾਸੀ ਚੰਡੀਗੜ੍ਹ): ਇਸ ਕੋਲੋਂ 01 ਐਕਟਿਵਾ ਅਤੇ 01 ਮੋਟਰਸਾਈਕਲ ਬਰਾਮਦ ਹੋਇਆ। ਈਸ਼ਵਰ ਸਿੰਘ ਉਰਫ਼ ਗੱਬਰ (ਵਾਸੀ ਕੁਰਾਲੀ) ਅਤੇ ਜਗਦੀਪ ਸਿੰਘ ਉਰਫ਼ ਕਾਲਾ ਸੰਧੂ (ਵਾਸੀ ਰੋਪੜ): ਇਨ੍ਹਾਂ ਦੋਵਾਂ ਦੀ ਨਿਸ਼ਾਨਦੇਹੀ 'ਤੇ 05 ਮੋਟਰਸਾਈਕਲ ਬਰਾਮਦ ਕੀਤੇ ਗਏ। ਪੁਲਿਸ ਵੱਲੋਂ ਮੁਲਜ਼ਮਾਂ ਦਾ ਰਿਮਾਂਡ ਹਾਸਲ ਕਰਕੇ ਅਗਲੇਰੀ ਪੁੱਛਗਿੱਛ ਅਤੇ ਹੋਰ ਦਰਜ ਮੁਕੱਦਮਿਆਂ ਸਬੰਧੀ ਪੜਤਾਲ ਕੀਤੀ ਜਾ ਰਹੀ ਹੈ।

SHAM LAL CHANDER ID no. 921760

BUILDING MAINTENANCE HANDYMAN
(CHECKATRADE)

Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

ਟੀ ਟੀ ਫ਼ਿਲਮ ਪ੍ਰੋਡਕਸ਼ਨ ਆਪਣੀ ਨਵੀਂ ਪੰਜਾਬੀ ਫੀਚਰ ਫ਼ਿਲਮ "ਅਸੀ ਕੁੜੀਆਂ ਪੰਜਾਬ ਦੀਆਂ" ਦਾ ਮਹੂਰਤ ਕੀਤਾ ਗਿਆ :- ਡਾਇਰੈਕਟਰ 'ਸ਼ਿਵਮ ਸ਼ਰਮਾਂ'

"ਟੀ ਟੀ ਫ਼ਿਲਮ ਪ੍ਰੋਡਕਸ਼ਨ" ਵਲੋਂ ਪੰਜਾਬੀ ਫੀਚਰਫ਼ਿਲਮ "ਬ੍ਰੈਡ ਐਂਡ ਬੱਟਰ" ਦੀ ਸ਼ੂਟਿੰਗ ਕੰਪਲੀਟ ਹੋਣ ਤੋਂ ਬਾਅਦ ਆਪਣੀ ਨਵੀ ਪੰਜਾਬੀ ਫੀਚਰ ਫ਼ਿਲਮ "ਅਸੀ ਕੁੜੀਆਂ ਪੰਜਾਬ ਦੀਆਂ" ਦਾ ਮਹੂਰਤ ਕੀਤਾ ਗਿਆ। ਇਸ ਫਿਲਮ ਨੂੰ 'ਪੀ ਐਸ ਸਿੱਧੂ' ਅਤੇ 'ਐਨ ਕੇ ਸਿੱਧੂ' ਪ੍ਰੋਡਿਊਸ ਕਰ ਰਹੇ ਹਨ। ਪ੍ਰੋਡਿਊਸਰ 'ਪੀ ਐਸ ਸਿੱਧੂ ਜੀ' ਨੇ ਦੱਸਿਆ ਕਿ ਉਨ੍ਹਾਂ ਦੀ "ਬ੍ਰੈਡ ਐਂਡ ਬੱਟਰ" ਮੂਵੀ ਦਾ ਸਾਰਾ ਕੰਮ ਕੰਪਲੀਟ ਹੋ ਚੁੱਕਾ ਹੈ, "ਬ੍ਰੈਡ ਐਂਡ ਬੱਟਰ" ਫਿਲਮ ਬਹੁਤ ਜਲਦ ਦਰਸ਼ਕਾਂ ਦੇ ਰੂਬਰੂ ਹੋਵੇਗੀ।

ਇਸ ਫਿਲਮ ਨੂੰ ਮੰਨੇ ਪ੍ਰਮੰਨੇ ਡਾਇਰੈਕਟਰ ਸ਼ਿਵਮ ਸ਼ਰਮਾ ਜੀ ਡਾਇਰੈਕਟ ਕਰ ਰਹੇ ਹਨ। ਫਿਲਮ ਦੇ ਐਸੋਸੀਏਟ ਡਾਇਰੈਕਟਰ 'ਸ਼ਿਖਾ ਸ਼ਰਮਾ ਜੀ' ਹੋਣਗੇ। ਇਸ ਫਿਲਮ ਦੀ ਕਹਾਣੀ ਪੰਜਾਬੀ ਦੇ ਪ੍ਰਸਿੱਧ ਲੇਖਕ 'ਬਲਜੀਤ ਬਾਵਾ ਜੀ' ਨੇ ਲਿਖੀ ਹੈ।

ਡਾਇਰੈਕਟਰ 'ਸ਼ਿਵਮ ਸ਼ਰਮਾ ਜੀ' ਨੇ ਦੱਸਿਆ ਕਿ ਫਿਲਮ ਦੀ ਕਹਾਣੀ ਸਾਹਸੀ ਕੁੜੀਆਂ ਦੇ

ਇਰਦ ਗਿਰਦ ਘੁੰਮਦੀ ਹੈ। ਉਨ੍ਹਾਂ ਕਿਹਾ ਕੇ ਹੁਣ ਕੁੜੀਆਂ ਸਿਰਫ ਚਿੜੀਆਂ ਹੀ ਨਹੀਂ ਸਗੋ ਲੋੜ ਪੈਣ ਤੇ ਬਾਜ ਬਣ ਵੱਡੀਆ ਵੱਡੀਆ ਮੁਸ਼ਕਲਾਂ ਨਾਲ ਟਕਕਾਉਣ ਲਈ ਖੜ੍ਹ ਜਾਦੀਆਂ। ਜਿਵੇ ਕੇ ਫਿਲਮ ਦੀ ਟੈਗ ਲਾਈਨ "ਹੁਣ ਅਵਾਜ ਨਹੀਂ ਦਹਾੜ ਸੁਣੇਗੀ ਦੁਨੀਆਂ" ਤੋਂ ਹੀ ਤੋਂ ਪਤਾ ਚਲਦਾ ਹੈਂ। ਡਾਇਰੈਕਟਰ 'ਸ਼ਿਵਮ ਸ਼ਰਮਾ ਜੀ' ਨੇ ਦੱਸਿਆ ਹੈਂ

ਕਿ ਫਿਲਮ ਵਿਚ ਪੰਜਾਬੀ ਇੰਡਸਟਰੀ ਦੇ ਮੰਝੇ ਅਦਾਕਾਰ ਆਪਣੀ ਬਾਕਮਾਲ ਅਦਾਕਾਰੀ ਨਾਲ ਰੰਗ ਬਨਣਗੇ ਤੇ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਫਿਲਮ ਦੇ ਲਾਈਨ ਪ੍ਰੋਡਿਊਸਰ 'ਗੁਰਮੀਤ ਦਮਨ ਜੀ' ਨੇ ਦੱਸਿਆ ਕਿ ਫਿਲਮ ਦੀ ਸ਼ੂਟਿੰਗ ਅੰਮ੍ਰਿਤਸਰ, ਬਠਿੰਡਾ, ਚੰਡੀਗੜ੍ਹ , ਮੋਹਾਲੀ ਅਤੇ ਪੰਜਾਬ ਦੀਆਂ ਵੱਖ ਵੱਖ ਖੂਬਸੂਰਤ ਲੋਕੇਸ਼ਨਾਂ ਤੇ ਜਲਦੀ ਹੀ ਸ਼ੁਰੂ ਹੋ ਜਾਵੇਗੀ। ਇਹ ਪੰਜਾਬੀ ਫੀਚਰ ਫ਼ਿਲਮ ਅਜੋਕੀ ਪੀੜੀ ਨੂੰ ਖੂਬਸੂਰਤ ਮੈਸੇਜ ਦੇਵੇਗੀ । ਆਮੀਨ

ਸ਼ਿਵਨਾਥ ਦਰਦੀ ਫ਼ਰੀਦਕੋਟ
ਫਿਲਮ ਜਰਨਲਿਸਟ
ਸੰਪਰਕ:-
9855155392

ਐਸ ਐਚ ਓ ਕੁਲਦੀਪ ਕੁਮਾਰ ਅਤੇ ਇੰਸਪੈਕਟਰ ਜਗਜੀਤ ਸਿੰਘ ਨੂੰ ਵਿਦਾਇਗੀ ਪਾਰਟੀ ਦਿੱਤੀ

ਰਾਏਕੋਟ.,ਹਠੂਰ ਮਈ : (ਗੁਰਭਿੰਦਰ ਗੁਰੀ) ਪੁਲਿਸ ਥਾਣਾ ਹਠੂਰ ਦੇ ਐਸ ਐਚ ਓ ਗੁਰਸੇਵਕ ਸਿੰਘ ਦੀ ਅਗਵਾਈ ਹੇਠ ਪੁਲਿਸ ਥਾਣਾ ਹਠੂਰ ਦੇ ਐਸ ਐਚ ਓ ਕੁਲਦੀਪ ਕੁਮਾਰ ਅਤੇ ਪੁਲਿਸ ਥਾਣਾ ਹਠੂਰ ਦੇ ਇਸਪੈਕਟਰ ਜਗਜੀਤ ਸਿੰਘ ਨੂੰ ਪੁਲਿਸ ਥਾਣਾ ਹਠੂਰ ਦੇ ਸਟਾਫ ਵੱਲੋ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਮੌਕੇ ਵੱਖ ਬੁਲਾਰਿਆ ਨੇ ਐਸ ਐਚ ਓ ਕੁਲਦੀਪ ਕੁਮਾਰ ਦੀ ਸੇਵਾ ਮੁਕਤੀ ਤੇ ਬੋਲਦਿਆ ਕਿਹਾ ਉਨ੍ਹਾ 18 ਨਵੰਬਰ 1988 ਨੂੰ ਜਿਲ੍ਹਾ ਫਿਰੋਜਪੁਰ ਦੇ ਪੁਲਿਸ ਥਾਣਾ ਮਮਦੋਟ ਤੋ ਕਾਸਟੇਬਲ ਦੀ ਡਿਊਟੀ ਸੁਰੂ ਕਰਕੇ ਜਿਲ੍ਹਾ ਫਿਰੋਜਪੁਰ, ਜਿਲ੍ਹਾ ਮੋਗਾ ਅਤੇ ਪੰਜਾਬ ਪੁਲਿਸ ਜਿਲ੍ਹਾ ਲੁਧਿਆਣਾ (ਦਿਹਾਤੀ) ਦੇ ਵੱਖ-ਵੱਖ ਥਾਣਿਆ ਵਿਚ ਇਮਾਨਦਾਰੀ ਅਤੇ ਵਫਾਦਾਰੀ ਨਾਲ ਸੇਵਾ ਨਿਭਾਈ,37 ਸਾਲ ਪੰਜਾਬ ਪੁਲਿਸ ਵਿਚ ਸੇਵਾ ਨਿਭਾਉਣ ਤੇ ਅੱਜ ਹਠੂਰ ਵਿਖੇ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਤੋ ਇਲਾਵਾ ਇਸਪੈਕਟਰ ਜਗਜੀਤ ਸਿੰਘ ਦੀ ਸੇਵਾ ਮੁਕਤੀ ਤੇ ਬੋਲਦਿਆ ਕਿਹਾ ਕਿ ਜਗਜੀਤ ਸਿੰਘ ਨੇ 14 ਨਵੰਬਰ 1989 ਨੂੰ ਫਰੀਦਕੋਟ ਵਿਖੇ ਬਤੌਰ ਕਾਸਟੇਬਲ ਤੋ ਸੁਰੂ ਕਰਕੇ ਜਿਲ੍ਹਾ ਮੋਗਾ ਅਤੇ ਪੰਜਾਬ ਪੁਲਿਸ ਜਿਲ੍ਹਾ ਲੁਧਿਆਣਾ (ਦਿਹਾਤੀ) ਦੇ ਵੱਖ-ਵੱਖ ਥਾਣਿਆ ਵਿਚ ਇਮਾਨਦਾਰੀ ਅਤੇ ਵਫਾਦਾਰੀ ਨਾਲ ਸੇਵਾ ਨਿਭਾਈ। ਜਿਨ੍ਹਾ ਨੇ 36 ਸਾਲ ਛੇ ਮਹੀਨੇ ਪੰਜਾਬ

ਪੁਲਿਸ ਵਿਚ ਤਨਦੇਹੀ ਨਾਲ ਸੇਵਾ ਨਿਭਾਈ। ਇਸ ਮੌਕੇ ਪੁਲਿਸ ਦੇ ਕਰਮਚਾਰੀਆ,ਇਲਾਕੇ ਦੀਆ ਗ੍ਰਾਮ ਪੰਚਾਇਤਾ ਅਤੇ ਨੌਜਵਾਨ ਕਲੱਬਾ ਵੱਲੋ ਐਸ ਐਚ ਓ ਕੁਲਦੀਪ ਕੁਮਾਰ ਅਤੇ ਇਸਪੈਕਟਰ ਜਗਜੀਤ ਸਿੰਘ ਨੂੰ ਵਿਦਾਇਗੀ ਪਾਰਟੀ ਮੌਕੇ ਵੱਖ-ਵੱਖ ਤਰ੍ਹਾ ਦੇ ਤੋਹਫੇ ਭੇਂਟ ਕੀਤੇ ਗਏ। ਇਸ ਮੌਕੇ ਪੰਜਾਬ ਪੁਲਿਸ ਦੇ ਉੱਚ ਅਧਿਕਾਰੀਆ ਅਤੇ ਵੱਡੀ ਗਿਣਤੀ ਵਿਚ ਪਹੁੰਚੇ ਇਲਾਕਾ ਨਿਵਾਸੀਆ ਦਾ ਥਾਣਾ ਹਠੂਰ ਦੇ ਐਸ ਐਚ ਓ ਗੁਰਸੇਵਕ ਸਿੰਘ ਨੇ ਧੰਨਵਾਦ ਕੀਤਾ। ਇਸ ਮੌਕੇ ਉਨ੍ਹਾ ਨਾਲ ਸਰਪੰਚ ਜਸਕਮਲਪ੍ਰੀਤ ਸਿੰਘ ਨਿੱਪਾ ਹਠੂਰ,ਸਰਪੰਚ ਸੋਹਣ ਸਿੰਘ ਚਕਰ,ਬਲਾਕ ਸੰਮਤੀ ਮੈਬਰ ਚਮਕੌਰ ਸਿੰਘ ਚਕਰ,ਜਿਲ੍ਹਾ ਸੈਕਟਰੀ ਗੁਰਦੀਪ ਸਿੰਘ ਭੁੱਲਰ ਚਕਰ,ਜਿਲ੍ਹਾ ਮੀਤ ਪ੍ਰਧਾਨ ਸੁਰਿੰਦਰ ਸਿੰਘ ਲੱਖਾ,ਸਰਪੰਚ ਗੁਰਬਖਸ ਸਿੰਘ ਖੋਖਰ ਰਸੂਲਪੁਰ,ਸਰਪੰਚ ਹਰਪ੍ਰੀਤ ਸਿੰਘ ਮਾਣੂੰਕੇ,ਸਰਪੰਚ ਗੁਰਮੇਲ ਸਿੰਘ,ਸਾਬਕਾ ਸਰਪੰਚ ਸੁਖਦੇਵ ਸਿੰਘ ਚਕਰ,ਸਾਬਕਾ ਸਰਪੰਚ ਹਰਬੰਸ ਸਿੰਘ ਢਿੱਲੋ, ਸਾਬਕਾ ਸਰਪੰਚ ਜੋਗਿੰਦਰ ਸਿੰਘ ਰਸੂਲਪੁਰ ਕੈਨੇਡਾ,ਸਾਬਕਾ ਸਰਪੰਚ ਗੁਰਸਿਮਰਨ ਸਿੰਘ ਗਿੱਲ,ਸਰਪੰਚ ਪਾਲੀ ਡੱਲਾ, ਸਰਪੰਚ ਚਮਕੌਰ ਸਿੰਘ ਬੁਰਜ ਕੁਲਾਰਾ, ਸਰਪੰਚ ਗੁਰਪ੍ਰੀਤ ਸਿੰਘ ਗੋਪੀ,ਪ੍ਰਧਾਨ ਨਿਰਮਲ ਸਿੰਘ ਡੱਲਾ,ਪੰਚ ਸੱਤੀ ਮਾਣੂੰਕੇ,ਬਲਜੀਤ ਸਿੰਘ ਝੱਲੀ,ਸੁਖਦੀਪ ਸਿੰਘ ਨੀਟੂ ਰਸੂਲਪੁਰ, ਐਸ ਐਚ ਓ ਸੁਰਜੀਤ ਸਿੰਘ,ਸਾਬਕਾ ਐਸ ਐਚ ਓ ਯਸਪਤ ਰਾਏ,ਐਸ ਆਈ ਮਨੋਹਰ ਲਾਲ,ਏ ਐਸ ਆਈ ਕੁਲਵੰਤ ਸਿੰਘ, ਏ ਐਸ ਆਈ ਸੁਲੱਖਣ ਸਿੰਘ,ਮੁੱਖ ਮੁਨਸੀ ਕੁਲਵੰਤ ਸਿੰਘ ਅਖਾੜਾ,ਹਰਪ੍ਰੀਤ ਸਿੰਘ,ਲਾਡੀ ਸਿੰਘ, ਏ ਐਸ ਆਈ ਰਛਪਾਲ ਸਿੰਘ,ਏ ਐਸ ਆਈ ਸੁਰਜੀਤ ਸਿੰਘ ਭਦੌੜ, ਏ ਐਸ ਆਈ ਰਾਜ ਧੀਮ ਸਿੰਘ ਭਦੌੜ,ਪ੍ਰਧਾਨ ਬੂਟਾ ਸਿੰਘ ਭੰਮੀਪੁਰਾ,ਡਾ:ਬੂਟਾ ਸਿੰਘ ਸਿੱਧੂ ਰਸੂਲਪੁਰ, ਨੰਬੜਦਾਰ ਮੇਹਰਦੀਪ ਸਿੰਘ ਹਠੂਰ,ਨੰਬੜਦਾਰ ਜਸਵੀਰ ਸਿੰਘ ਦੇਹੜਕਾ,ਨੰਬੜਦਾਰ ਗੋਪਾਲ ਸਿੰਘ ਭੰਮੀਪੁਰਾ, ਨੰਬੜਦਾਰ ਸਤਨਾਮ ਸਿੰਘ, ਪੰਚ ਅਮਨਦੀਪ ਸਿੰਘ ਅੰਮੂ,ਸਾਬਕਾ ਪੰਚ ਅਮਨਪ੍ਰੀਤ ਸਿੰਘ ਫਰਵਾਹਾ,ਪੰਚ ਰਣਜੋਧ ਸਿੰਘ ਜੋਧਾ,ਭਾਗ ਸਿੰਘ ਗੋਲੀ,ਪ੍ਰਧਾਨ ਅਮਰਜੀਤ ਸਿੰਘ,ਛਿੰਦਾ ਹਠੂਰ ਹਾਜ਼ਰ ਸਨ।

ਗੁਰੂ ਅਰਜਨ ਦੇਵ ਜੀ ਅਤੇ ਜੂਨ 84 ਘੱਲੂਘਾਰਾ ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਮਹਾਨ ਖੂਨਦਾਨ ਕੈਂਪ ਲਾਇਆ

ਵਿਧਾਇਕ ਸੰਗੋਵਾਲ ਨੇ ਖੂਨਦਾਨੀ ਯੋਧਿਆਂ ਨੂੰ ਸਨਮਾਨਿਤ ਕਰਕੇ ਹੌਂਸਲਾ ਅਫ਼ਜ਼ਾਈ ਕੀਤੀ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਸ਼੍ਰੀ ਗੁਰੂ ਅਰਜਨ ਦੇਵ ਜੀ ਅਤੇ ਜੂਨ 84 ਘੱਲੂਘਾਰਾ ਦੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਸੰਤ ਬਾਬਾ ਸੁਖਬੀਰ ਸਿੰਘ ਖਾਲਸਾ ਜੀ ਦੀ ਪ੍ਰੇਰਨਾ ਸਦਕਾ ਮਨੁੱਖਤਾ ਦੇ ਭਲੇ ਲਈ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਅਗਵਾਈ ਹੇਠ 894ਵਾਂ ਮਹਾਨ ਖੂਨਦਾਨ ਕੈਂਪ ਗੁਰਦੁਆਰਾ ਗੁਰੂ ਨਾਨਕ ਸਿਮਰਨ ਕੇਂਦਰ, ਨੇੜੇ ਗਰੀਨ ਸਿਟੀ ਕਲੋਨੀ, ਫਿਰੋਜ਼ਪੁਰ ਰੋਡ, ਲੁਧਿਆਣਾ ਵਿਖੇ ਲਗਾਇਆ ਗਿਆ। ਇਸ ਮੌਕੇ ਮਹਾਨ ਖੂਨਦਾਨ ਕੈਂਪ ਦਾ ਉਦਘਾਟਨ ਕਰਨ ਸਮੇਂ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਲਗਾਏ ਗਏ ਮਹਾਨ ਖੂਨਦਾਨ ਕੈਂਪ ਦੀ ਸ਼ਲਾਘਾ ਕਰਦਿਆਂ ਕਿਹਾ ਹਸਪਤਾਲ ਵਿੱਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੇ ਮਰੀਜ਼ਾਂ ਦੀਆਂ ਜ਼ਿੰਦਗੀਆਂ ਨੂੰ ਬਚਾਇਆ ਜਾ ਸਕਦਾ ਹੈ। ਇਸ ਸਮੇਂ ਮਹਾਨ ਖੂਨਦਾਨ ਕੈਂਪ ਵਿੱਚ ਵਿਧਾਇਕ ਜੀਵਨ ਸਿੰਘ ਸੰਗੋਵਾਲ, ਡਾ: ਕੁੰਵਰਓਂਕਾਰ ਸਿੰਘ ਨਰੂਲਾ ਕੈਟ ਇੰਚਾਰਜ ਪੰਜਾਬ, ਕੇ.ਕੇ.ਬਾਵਾ, ਜਸਵੰਤ ਸਿੰਘ ਛਾਪਾ, ਸਰਪੰਚ ਨਿਖਿਲ

ਸ਼ਰਮਾ, ਐਡਵੋਕੇਟ ਗਗਨਦੀਪ ਸਿੰਘ ਵਿਸ਼ੇਸ਼ ਤੌਰ ਤੇ ਪੁੱਜੇ । ਸਾਰਿਆਂ ਨੇ ਸਾਂਝੇ ਤੌਰ ਤੇ ਰਣਜੀਤ ਸਿੰਘ ਸਿਡਾਨਾ, ਜੀਤੀ ਮਾਨ, ਸਾਬਕਾ ਇੰਸਪੈਕਟਰ ਬਹਾਦਰ ਸਿੰਘ ਮਾਨ, ਸਾਬਕਾ ਇੰਸਪੈਕਟਰ ਇੰਦਰਜੀਤ ਸਿੰਘ ਗਰੇਵਾਲ, ਅਮਰਜੀਤ ਸਿੰਘ ਭੱਟੀ ਸਮੇਤ ਖੂਨਦਾਨ ਕਰਨ ਵਾਲਿਆ ਦੀ ਹੌਸਲਾ ਅਫ਼ਜ਼ਾਈ ਕੀਤੀ ਅਤੇ ਸਨਮਾਨ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਨੇ ਦੱਸਿਆ ਕੈਂਪ ਦੌਰਾਨ ਇਕੱਤਰ ਹੋਇਆ ਖੂਨ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਲੈ ਕੇ ਦਿੱਤਾ ਜਾਵੇਗਾ। ਇਸ ਮੌਕੇ ਤੇ ਖੁਸ਼ੀ ਰਾਜਪੂਤ ਇੰਚਾਰਜ ਕੈਟ ਦਫ਼ਤਰ ਪੰਜਾਬ, ਰਾਜਵੰਤ ਸਿੰਘ ਵੋਹਰਾ, ਕਰਮਜੀਤ ਕੌਰ ਛੰਦੜਾ, ਸੋਨੀਆ ਅਰੋੜਾ, ਅਵਨਿੰਦਰ ਕੌਰ, ਰਿਟਾ: ਇੰਸੈਕਟਰ ਬਹਾਦਰ ਸਿੰਘ, ਰਿਟਾ: ਇੰਸਪੈਕਟਰ ਇੰਦਰਜੀਤ ਸਿੰਘ ਗਰੇਵਾਲ, ਦਲਜੀਤ ਸਿੰਘ ਜੀਤੀ, ਅਵੀਨਾਸ਼ ਸਿੰਘ ਗਰੇਵਾਲ, ਅਮਰਜੀਤ ਸਿੰਘ ਭੱਟੀ, ਪ੍ਰਧਾਨ ਮਨਜੀਤ ਸਿੰਘ, ਬਾਬਾ ਮਹਿਲ ਸਿੰਘ, ਬਿਕਰਮ ਸਿੰਘ, ਕਰਨਲ ਬਲਦੇਵ ਸਿੰਘ ਕੁਲਾਰ, ਬਾਬਾ ਬਲਵਿੰਦਰ ਸਿੰਘ, ਅਨਿਲ ਮਿੱਡਾ, ਭਰਪੂਰ ਸਿੰਘ, ਹਰਵਿੰਦਰ ਪਾਲ ਸਿੰਘ ਬੱਤਰਾ, ਗੁਰਦੀਪ ਸਿੰਘ ਗਰੇਵਾਲ, ਦਲੀਪ ਸਿੰਘ ਹਾਜ਼ਰ ਸਨ ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

ਨਸ਼ੀਲੀਆਂ ਗੋਲੀਆਂ ਸਮੇਤ ਮੁਲਜ਼ਮ ਕਾਬੂ, ਮੁਕੱਦਮਾ ਦਰਜ ਕਰਕੇ ਭੇਜਿਆ ਜੇਲ੍ਹ

ਬਲਾਚੌਰ, 1 ਜੂਨ (ਜਤਿੰਦਰਪਾਲ ਸਿੰਘ ਕਲੇਰ): ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਵੱਲੋਂ ਨਸ਼ਿਆਂ ਦੇ ਖ਼ਿਲਾਫ਼ ਵਿੱਢੀ ਗਈ ਵਿਸ਼ੇਸ਼ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਤਹਿਤ ਬਲਾਚੌਰ ਪੁਲਿਸ ਨੂੰ ਉਸ ਸਮੇਂ ਇੱਕ ਵੱਡੀ ਸਫ਼ਲਤਾ ਮਿਲੀ ਜਦੋਂ ਪੁਲਿਸ ਪਾਰਟੀ ਨੇ ਮੁਸਤੈਦੀ ਦਿਖਾਉਂਦੇ ਹੋਏ ਇੱਕ ਵਿਅਕਤੀ ਨੂੰ ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫ਼ਤਾਰ ਕਰ ਲਿਆ। ਤੁਸ਼ਾਰ ਗੁਪਤਾ ਸੀਨੀਅਰ ਕਪਤਾਨ ਪੁਲਿਸ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅਤੇ ਹੇਮੰਤ ਮਲਹੋਤਰਾ ਉਪ ਕਪਤਾਨ ਪੁਲਿਸ, ਸਬ ਡਵੀਜ਼ਨ ਬਲਾਚੌਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸਬ ਇੰਸਪੈਕਟਰ ਬਿਕਰਮ ਸਿੰਘ ਮੁੱਖ ਅਫ਼ਸਰ ਥਾਣਾ ਬਲਾਚੌਰ ਦੀ ਅਗਵਾਈ ਹੇਠ ਪੁਲਿਸ ਪਾਰਟੀ ਵੱਲੋਂ ਅਮਲ ਵਿੱਚ ਲਿਆਂਦੀ ਗਈ ਹੈ।

ਜਾਣਕਾਰੀ ਦਿੰਦਿਆਂ ਸਬ ਇੰਸਪੈਕਟਰ ਬਿਕਰਮ ਸਿੰਘ ਨੇ ਦੱਸਿਆ ਕਿ ਥਾਣਾ ਬਲਾਚੌਰ ਦੀ ਪੁਲਿਸ ਪਾਰਟੀ ਜਦੋਂ ਗਸ਼ਤ ਦੌਰਾਨ ਪਿੰਡ ਮਹਿਤਪੁਰ ਨੇੜੇ ਪਾਂਢੀ ਦੇ ਭੱਠੇ ਕੋਲ ਪੁੱਜੀ, ਤਾਂ ਸੜਕ ਦੇ ਸੱਜੇ ਪਾਸੇ ਖੇਤਾਂ ਵਿੱਚ ਇੱਕ ਸ਼ੱਕੀ ਵਿਅਕਤੀ ਖੜ੍ਹਾ ਦਿਖਾਈ ਦਿੱਤਾ। ਪੁਲਿਸ ਮੁਲਾਜ਼ਮਾਂ ਨੇ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਤੁਰੰਤ ਉਸ ਵਿਅਕਤੀ ਨੂੰ ਕਾਬੂ ਕਰਕੇ ਜਦੋਂ ਉਸ ਦਾ ਨਾਮ ਅਤੇ ਪਤਾ ਪੁੱਛਿਆ, ਤਾਂ ਉਸ ਨੇ ਆਪਣੀ ਪਛਾਣ ਰੋਹਿਤ ਕੁਮਾਰ ਪੁੱਤਰ ਭੁਪਿੰਦਰ ਕੁਮਾਰ, ਵਾਸੀ ਉਧਨਵਾਲ (ਥਾਣਾ ਬਲਾਚੌਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਜੋਂ ਦੱਸੀ। ਤਲਾਸ਼ੀ ਲੈਣ 'ਤੇ ਉਸ ਕੋਲੋਂ 2 ਪੱਤੇ ਬਰਾਮਦ ਹੋਏ, ਜਿਨ੍ਹਾਂ ਵਿੱਚੋਂ ਹਰੇਕ ਪੱਤੇ ਵਿੱਚ 10-10 ਗੋਲੀਆਂ ਸਨ। ਪੁਲਿਸ ਵੱਲੋਂ ਕੁੱਲ 20 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ, ਜਿਨ੍ਹਾਂ ਦੇ ਬੈਚ ਨੰਬਰ, ਉਤਪਾਦਨ ਮਿਤੀ ਅਤੇ ਮਿਆਦ ਪੁੱਗਣ ਦੀ ਮਿਤੀ ਮਿਟਾਏ ਹੋਏ ਸਨ।

ਇਸ ਬਰਾਮਦਗੀ ਤੋਂ ਬਾਅਦ ਕਾਰਵਾਈ ਕਰਦਿਆਂ ਥਾਣਾ ਬਲਾਚੌਰ ਵਿਖੇ ਮੁਲਜ਼ਮ ਖ਼ਿਲਾਫ਼ ਐਨਡੀਪੀਐਸ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਰੋਹਿਤ ਕੁਮਾਰ ਨੂੰ ਪੁਲਿਸ ਵੱਲੋਂ ਮਾਨਯੋਗ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੋਂ ਅਦਾਲਤੀ ਹੁਕਮਾਂ ਤੋਂ ਬਾਅਦ ਉਸ ਨੂੰ ਕੇਂਦਰੀ ਜੇਲ੍ਹ ਲੁਧਿਆਣਾ ਵਿਖੇ ਬੰਦ ਕਰਵਾ ਦਿੱਤਾ ਗਿਆ ਹੈ। ਪੁਲਿਸ ਵੱਲੋਂ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

ਬਲਾਕ ਸੜੋਆ ਦੇ 6 ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਦੀ ਕਮੀ ਦਾ ਮੁੱਦਾ ਗਰਮਾਇਆ, ਐਡਵੋਕੇਟ ਸੰਜੀਵ ਚੌਧਰੀ ਚੇਚੀ ਨੇ ਸਿੱਖਿਆ ਮੰਤਰੀ ਨੂੰ ਸੌਂਪਿਆ ਪੱਤਰ

ਨਵਾਂਸ਼ਹਿਰ , 1 ਜੂਨ (ਜਤਿੰਦਰਪਾਲ ਸਿੰਘ ਕਲੇਰ): ਹਲਕਾ ਬਲਾਚੌਰ ਦੇ ਬਲਾਕ ਸੜੋਆ ਅਧੀਨ ਆਉਂਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਦੀ ਲੰਬੇ ਸਮੇਂ ਤੋਂ ਚੱਲ ਰਹੀ ਘਾਟ ਨੂੰ ਲੈ ਕੇ ਹੁਣ ਆਵਾਜ਼ ਬੁਲੰਦ ਹੋਣੀ ਸ਼ੁਰੂ ਹੋ ਗਈ ਹੈ। ਇਸ ਗੰਭੀਰ ਸਮੱਸਿਆ ਦੇ ਹੱਲ ਲਈ ਆਮ ਆਦਮੀ ਪਾਰਟੀ ਦੇ ਯੂਥ ਵਿੰਗ ਪੰਜਾਬ ਦੇ ਜਨਰਲ ਸਕੱਤਰ ਅਤੇ ਪੰਜਾਬ ਯੂਥ ਐਂਡ ਡਿਵੈਲਪਮੈਂਟ ਬੋਰਡ ਦੇ ਡਾਇਰੈਕਟਰ ਐਡਵੋਕੇਟ ਸੰਜੀਵ ਚੌਧਰੀ (ਚੇਚੀ) ਵਲੋਂ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਬੈਂਸ ਨੂੰ ਇੱਕ ਵਿਸ਼ੇਸ਼ ਮੰਗ ਪੱਤਰ ਸੌਂਪਿਆ ਗਿਆ ਹੈ। ਚੇਚੀ ਨੇ ਸੜੋਆ ਇਲਾਕੇ ਦੇ ਸਕੂਲਾਂ ਦੀ ਤਰਸਯੋਗ ਹਾਲਤ ਬਾਰੇ ਸਰਕਾਰ ਨੂੰ ਜਾਣੂ ਕਰਵਾਇਆ ਹੈ। ਐਡਵੋਕੇਟ ਸੰਜੀਵ ਚੌਧਰੀ ਨੇ ਆਪਣੇ ਮੰਗ ਪੱਤਰ ਵਿੱਚ ਦੱਸਿਆ ਕਿ ਬਲਾਕ ਸੜੋਆ (ਬਲਾਚੌਰ) ਦੇ ਛੇ ਪ੍ਰਮੁੱਖ ਸੀਨੀਅਰ ਸੈਕੰਡਰੀ ਸਕੂਲਾਂ, ਜਿਨ੍ਹਾਂ ਵਿੱਚ ਮਾਲੇਵਾਲ, ਸੜੋਆ, ਬਕਾਪੁਰ, ਸਾਹਿਬਾ, ਬਛੋੜੀ ਅਤੇ ਭੱਦੀ ਸ਼ਾਮਲ ਹਨ, ਵਿੱਚੋਂ ਕਿਸੇ ਵੀ ਸਕੂਲ ਅੰਦਰ ਇਸ ਸਮੇਂ ਰੈਗੂਲਰ ਪ੍ਰਿੰਸੀਪਲ ਤਾਇਨਾਤ ਨਹੀਂ ਹੈ। ਇਸ ਤੋਂ ਇਲਾਵਾ ਇਨ੍ਹਾਂ ਸਕੂਲਾਂ ਵਿੱਚ ਸਾਇੰਸ ਅਤੇ ਕਾਮਰਸ ਵਰਗੇ ਮਹੱਤਵਪੂਰਨ ਵਿਸ਼ਿਆਂ ਦੇ ਅਧਿਆਪਕਾਂ ਦੀ ਵੀ ਬਹੁਤ ਜ਼ਿਆਦਾ ਕਮੀ ਚੱਲ ਰਹੀ ਹੈ। ਉਨ੍ਹਾਂ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਅਧਿਆਪਕਾਂ ਦੀ ਇਸ ਘਾਟ ਕਾਰਨ ਗਰੀਬ ਅਤੇ ਮੱਧਮ ਵਰਗ ਦੇ ਬੱਚਿਆਂ ਦੀ ਪੜ੍ਹਾਈ ਦਾ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ। ਸਕੂਲਾਂ ਵਿੱਚ ਸਹੀ ਪ੍ਰਬੰਧ ਨਾ ਹੋਣ ਕਾਰਨ ਮਜਬੂਰਨ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵੱਲ ਰੁਖ਼ ਕਰਨਾ ਪੈ ਰਿਹਾ ਹੈ, ਜਿਸ ਨਾਲ ਆਮ ਪਰਿਵਾਰਾਂ 'ਤੇ ਟਿਊਸ਼ਨ ਫੀਸਾਂ ਅਤੇ ਹੋਰ ਖ਼ਰਚਿਆਂ ਦਾ ਬੋਝ ਲਗਾਤਾਰ ਵਧ ਰਿਹਾ ਹੈ। ਉਨ੍ਹਾਂ ਨੇ ਸਿੱਖਿਆ ਮੰਤਰੀ ਬੈਂਸ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਕਿ ਇਸ ਪੱਛੜੇ ਅਤੇ ਕੰਢੀ ਖੇਤਰ ਦੇ ਵਿਦਿਆਰਥੀਆਂ ਦੇ ਭਵਿੱਖ ਨੂੰ ਮੁੱਖ ਰੱਖਦਿਆਂ, ਇਨ੍ਹਾਂ ਛੇ ਸਕੂਲਾਂ ਵਿੱਚ ਪ੍ਰਿੰਸੀਪਲਾਂ ਅਤੇ ਲੋੜੀਂਦੇ ਅਧਿਆਪਕਾਂ ਦੀ ਕਮੀ ਨੂੰ ਪਹਿਲ ਦੇ ਅਧਾਰ 'ਤੇ ਜਲਦ ਤੋਂ ਜਲਦ ਪੂਰਾ ਕੀਤਾ ਜਾਵੇ ਤਾਂ ਜੋ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਮਿਆਰੀ ਸਿੱਖਿਆ ਮਿਲ ਸਕੇ। ਇਸ ਮੌਕੇ ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਐਡਵੋਕੇਟ ਸੰਜੀਵ ਚੌਧਰੀ (ਚੇਚੀ) ਨੂੰ ਭਰੋਸਾ ਦਿਵਾਇਆ ਕਿ ਇੰਨ੍ਹਾਂ ਸਕੂਲਾਂ ਵਿੱਚ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਦੀ ਘਾਟ ਨੂੰ ਜਲਦੀ ਪੂਰਾ ਕੀਤਾ ਜਾਵੇਗਾ ਤੇ ਵਿਦਿਆਰਥੀਆਂ ਨੂੰ ਕੋਈ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।

ਲੁਧਿਆਣਾ ਖੇਤਰ ਦੇ 20 ਵਿਦਿਆਰਥੀਆਂ ਨੇ ਜੇ. ਈ.ਈ. ਐਡਵਾਂਸਡ 2026 ਲਈ ਕੁਆਲੀਫਾਈ ਕੀਤਾ

ਤਵਿਸ਼ ਗੋਇਲ ਨੇ ਏਆਈਆਰ 504 ਪ੍ਰਾਪਤ ਕੀਤਾ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਜੇ.ਈ.ਈ. ਐਡਵਾਂਸਡ 2026 ਲਈ ਕੁਆਲੀਫਾਈ ਹੋਏ ਲੁਧਿਆਣਾ ਖੇਤਰ ਦੇ 20 ਵਿਦਿਆਰਥੀਆਂ ਨੂੰ ਸੋਮਵਾਰ ਨੂੰ ਆਕਾਸ਼ ਐਜੂਕੇਸ਼ਨ, ਲੁਧਿਆਣਾ ਵਿਖੇ ਸਨਮਾਨਿਤ ਕੀਤਾ ਗਿਆ। ਆਕਾਸ਼ ਲੁਧਿਆਣਾ ਕੇਂਦਰ ਦੇ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਵਿੱਚ ਏਆਈਆਰ 504 ਪ੍ਰਾਪਤ ਕਰਨ ਵਾਲੇ ਤਵਿਸ਼ ਗੋਇਲ, 1017 ਪ੍ਰਾਪਤ ਕਰਨ ਵਾਲੇ ਵਰਨਾਜ਼ ਕੌਰ, 6144 ਪ੍ਰਾਪਤ ਕਰਨ ਵਾਲੇ ਨਿਤਿਨ ਭੱਟ ਅਤੇ 8690 ਪ੍ਰਾਪਤ ਕਰਨ ਵਾਲੇ ਆਰੀਅਨ ਮਿੱਤਲ ਸ਼ਾਮਲ ਸਨ। ਟਾਪਰ ਵਿਦਿਆਰਥੀਆਂ ਨੇ ਕਿਹਾ, "ਸਾਨੂੰ ਆਪਣੀ ਤਿਆਰੀ ਦੌਰਾਨ ਨਿਰੰਤਰ ਮਾਰਗਦਰਸ਼ਨ, ਅਕਾਦਮਿਕ ਸਹਾਇਤਾ ਅਤੇ ਸਲਾਹ ਮਿਲੀ। ਅਧਿਐਨ ਸਮੱਗਰੀ, ਕਲਾਸਰੂਮ ਸੈਸ਼ਨ, ਮੌਕ ਟੈਸਟ ਅਤੇ ਨਿਯਮਤ ਮੁਲਾਂਕਣਾਂ ਨੇ ਸਾਨੂੰ ਸਾਡੇ ਸੰਕਲਪਾਂ ਨੂੰ ਮਜ਼ਬੂਤ ਕਰਨ ਅਤੇ ਸਾਡੇ ਪ੍ਰਦਰਸ਼ਨ ਨੂੰ ਬਿਹਤਰ ਬਣਾਉਣ ਵਿੱਚ ਮਦਦ ਕੀਤੀ। ਇਹ ਪ੍ਰਾਪਤੀ ਸਾਡੇ ਅਧਿਆਪਕਾਂ ਅਤੇ ਮਾਪਿਆਂ ਦੇ ਸਮਰਥਨ ਤੋਂ ਬਿਨਾਂ ਸੰਭਵ ਨਹੀਂ ਸੀ।" ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸ਼ਾਨਦਾਰ ਪ੍ਰਾਪਤੀ 'ਤੇ ਵਧਾਈ ਦਿੰਦੇ ਹੋਏ, ਡਿਪਟੀ ਰੀਜਨਲ ਡਾਇਰੈਕਟਰ - ਆਕਾਸ਼ ਐਜੂਕੇਸ਼ਨਲ, ਜਸਦੀਪ ਸਿੰਘ ਬਾਬਰਾ ਨੇ ਕਿਹਾ, "ਸਾਨੂੰ ਜੇ.ਈ.ਈ ਐਡਵਾਂਸਡ 2026 ਵਿੱਚ ਆਪਣੇ ਵਿਦਿਆਰਥੀਆਂ ਦੇ ਸ਼ਾਨਦਾਰ ਪ੍ਰਦਰਸ਼ਨ 'ਤੇ ਬਹੁਤ ਮਾਣ ਹੈ। ਉਨ੍ਹਾਂ ਦੀ ਸਫਲਤਾ ਅਟੁੱਟ ਸਮਰਪਣ, ਅਨੁਸ਼ਾਸਿਤ ਤਿਆਰੀ ਅਤੇ ਉੱਤਮਤਾ ਪ੍ਰਾਪਤ ਕਰਨ ਦੀ ਇੱਛਾ ਦਾ ਨਤੀਜਾ ਹੈ।"

ਪਿੰਡ ਝੋਕ ਹਰੀ ਹਰ ਵਿਖੇ ਝਰਮਲ ਸਿੰਘ ਦੀ ਯਾਦ ਵਿੱਚ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ

●ਹੋਣਹਾਰ ਵਿਦਿਆਰਥੀਆਂ ਨੂੰ ਅੱਗੇ ਵਧਣ ਦੇ ਮਿਲਣ ਵੱਧ ਤੋਂ ਵੱਧ ਮੌਕੇ : ਸਤਿੰਦਰ ਸਿੰਘ ●ਡਿਪਟੀ ਡੀਈਓ ਨੇ ਝੋਕ ਹਰੀਹਰ ਦੇ ਸਕੂਲ ਨੂੰ ਦੱਸਿਆ ਜ਼ਿਲ੍ਹੇ ਦਾ ਸਭ ਤੋਂ ਬਿਹਤਰੀਨ ਸਕੂਲ ●ਹੋਣਹਾਰ ਵਿਦਿਆਰਥੀਆਂ ਦਾ ਕੀਤਾ ਸਨਮਾਨ ਤੇ ਲੋੜਵੰਦ ਬੱਚਿਆਂ ਨੂੰ ਵੰਡੀਆਂ ਵਰਦੀਆਂ ਤੇ ਸਟੇਸ਼ਨਰੀ

ਲੁਧਿਆਣਾ/ਫਿਰੋਜ਼ਪੁਰ 1 ਜੂਨ (ਕਰਨੈਲ ਸਿੰਘ ਐੱਮ.ਏ.) ਪਿੰਡ ਝੋਕ ਹਰੀਹਰ ਦੇ ਸਰਕਾਰੀ ਹਾਈ ਸਕੂਲ ਵਿਖੇ ਮਰਹੂਮ ਝਰਮਲ ਸਿੰਘ ਦੀ ਯਾਦ ਵਿੱਚ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਕਰਨ ਅਤੇ ਲੋੜਵੰਦ ਬੱਚਿਆਂ ਨੂੰ ਸਕੂਲ ਦੀਆਂ ਵਰਦੀਆਂ, ਬੂਟ ਅਤੇ ਸਟੇਸ਼ਨਰੀ ਵੰਡਣ ਲਈ ਸਮਾਗਮ ਕਰਵਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਨੈਸ਼ਨਲ ਐਵਾਰਡੀ ਡਿਪਟੀ ਡੀਈਓ ਸਤਿੰਦਰ ਸਿੰਘ ਨੇ ਇਸ ਉਪਰਾਲੇ ਲਈ ਝਰਮਲ ਸਿੰਘ ਦੇ ਪਰਿਵਾਰ, ਜੈਨ ਇਰੀਗੇਸ਼ਨ, ਹਰਬੰਸ ਸਿੰਘ ਮੁਖਤਿਆਰ ਕੌਰ ਮੈਮੋਰੀਅਲ ਐਜੂਕੇਸ਼ਨ ਵੈਲਫੇਅਰ ਐਸੋਸੀਏਸ਼ਨ ਅਤੇ ਹੋਰ ਸੰਸਥਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਕਾਰਜਾਂ ਦੀ ਅੱਜ ਬਹੁਤ ਲੋੜ ਹੈ, ਜਿਸ ਲਈ ਉਹ ਸਮੂਹ ਸਿੱਖਿਆ ਵਿਭਾਗ ਅਤੇ ਸਰਕਾਰ ਵੱਲੋਂ ਉਨ੍ਹਾਂ ਦਾ ਧੰਨਵਾਦ ਕਰਦੇ ਹਨ। ਉਨ੍ਹਾਂ ਕਿਹਾ ਕਿ ਕਈ ਹੋਣਹਾਰ ਵਿਦਿਆਰਥੀ ਆਰਥਿਕ ਤੰਗੀਆਂ ਕਾਰਨ ਅੱਗੇ ਵਧਣ ਤੋਂ ਵਾਂਝੇ ਰਹਿ ਜਾਂਦੇ ਹਨ। ਅੱਜ ਦੇ ਵਿਦਿਆਰਥੀ ਹੀ ਦੇਸ਼ ਦਾ ਭਵਿੱਖ ਹਨ, ਇਸ ਲਈ ਉਨ੍ਹਾਂ ਨੂੰ ਅੱਗੇ ਵਧਣ ਲਈ ਸਹਿਯੋਗ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਇਸ ਸਮੇਂ ਨਸ਼ਿਆਂ ਦੀ ਸਮੱਸਿਆ ਬਹੁਤ ਜ਼ਿਆਦਾ ਵਧ ਗਈ ਹੈ, ਜਿਸ ਤੋਂ ਵਿਦਿਆ ਦਾ ਚਾਨਣ ਹੀ ਬਚਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਸਰਕਾਰੀ ਸਕੂਲਾਂ ਦੇ ਕਾਇਆ ਕਲਪ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਝੋਕ ਹਰੀਹਰ ਦਾ ਸਕੂਲ ਜ਼ਿਲ੍ਹਾ ਫਿਰੋਜ਼ਪੁਰ ਦਾ ਸਭ ਤੋਂ ਬਿਹਤਰੀਨ ਸਕੂਲ ਹੈ, ਜਿੱਥੋਂ ਦੇ ਬੱਚੇ ਬਹੁਤ ਹੋਣਹਾਰ ਹਨ ਅਤੇ ਇੱਥੋਂ ਦਾ ਸਟਾਫ ਵੀ ਬਹੁਤ ਮਿਹਨਤੀ ਹੈ। ਇਸ ਲਈ ਇੱਥੇ ਆ ਕੇ ਦਿਲ ਨੂੰ ਬਹੁਤ ਖੁਸ਼ੀ ਮਿਲਦੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਤੰਗੀਆਂ ਤੋਂ ਘਬਰਾਉਣਾ ਨਹੀਂ ਚਾਹੀਦਾ, ਸਗੋਂ ਮਿਹਨਤ ਅਤੇ ਲਗਨ ਨਾਲ ਆਪਣੇ ਟੀਚੇ ਪ੍ਰਾਪਤ ਕਰਨੇ ਚਾਹੀਦੇ ਹਨ। ਇਸ ਮੌਕੇ ਜੈਨ ਇਰੀਗੇਸ਼ਨ ਦੇ ਐੱਮ.ਡੀ. ਅਜੀਤ ਜੈਨ, ਬੋਪਾਰਾਏ ਕੰਪਨੀ ਦੇ ਐੱਮ.ਡੀ. ਜਗਦੇਵ ਸਿੰਘ ਬੋਪਾਰਾਏ, ਵੈਦਭਾਨ ਦੇ ਐੱਮ.ਡੀ. ਡਾ: ਸੁਭਾਸ਼ ਗੋਇਲ, ਪੁਖਰਾਜ ਹੈਲਥਕੇਅਰ ਪ੍ਰਾਈਵੇਟ ਲਿਮਟਿਡ ਦੇ ਐੱਮ.ਡੀ. ਸੁਖਜੀਤ ਸਿੰਘ ਚੀਮਾ, ਫਾਲਕਨ ਗਾਰਡਨ ਟੂਲਜ਼ ਲੁਧਿਆਣਾ, ਬਲੂਸਟਾਲ, ਚਾਨੀ ਐਗਰੋ ਇੰਡਸਟਰੀ ਦੇ ਐੱਮ.ਡੀ. ਗੁਰਤੇਜ ਸਿੰਘ ਚਾਨੀ ਅਤੇ ਹੋਰਨਾਂ ਦਾ ਵਿਸ਼ੇਸ਼ ਸਹਿਯੋਗ ਰਿਹਾ। ਇਸ ਸਾਲ ਪੰਜਵੀਂ, ਅੱਠਵੀਂ ਅਤੇ ਦਸਵੀਂ ਜਮਾਤ ਵਿੱਚੋਂ ਮੋਹਰੀ ਤਿੰਨ ਸਥਾਨਾਂ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਨੀਨਾ ਸ਼ਰਮਾ ਨੇ ਬਾਖੂਬੀ ਨਿਭਾਈ। ਇਸ ਮੌਕੇ ਅਸ਼ਵਨੀ ਮੈਥ ਮਾਸਟਰ, ਤਨੂ ਪ੍ਰੀਆ, ਨੇਹਾ ਗੁਪਤਾ, ਨੀਰੂ ਬਾਲਾ, ਸੋਨੀਆ, ਸ਼ਿਲਪੀ, ਅਮਨਦੀਪ ਕੌਰ, ਰੂਤੀ ਜੈਨ, ਵਿਸ਼ਾਲ ਧਵਨ, ਦਿਨੇਸ਼ ਚੌਹਾਨ, ਰਾਜਵੀਰ ਕੌਰ, ਰੁਪਿੰਦਰ ਕੌਰ, ਗੁਰੂ ਅੰਗਦ ਦੇਵ ਵਾਤਾਵਰਣ ਸੋਸਾਇਟੀ ਦੇ ਪ੍ਰਧਾਨ ਕਰਨਬੀਰ ਸਿੰਘ ਸੰਧੂ, ਸਾਬਕਾ ਸਰਪੰਚ ਮਲਕੀਤ ਸਿੰਘ ਸੰਧੂ, ਗੁਰਬਿੰਦਰ ਸਿੰਘ ਸੰਧੂ, ਸੁਖਦੇਵ ਸਿੰਘ ਸੰਧੂ, ਗੁਰਪ੍ਰੀਤ ਸਿੰਘ ਸੰਧੂ, ਹਰਿੰਦਰ ਸਿੰਘ ਸੰਧੂ, ਇਕਬਾਲ ਸਿੰਘ ਸੰਧੂ, ਮਰਹੂਮ ਝਰਮਲ ਸਿੰਘ ਦੇ ਭਰਾ ਨਿਰਮਲ ਸਿੰਘ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜ਼ੋਨ ਪ੍ਰਧਾਨ ਬੋਹੜ ਸਿੰਘ, ਪਿੱਪਲ ਸਿੰਘ, ਵੀਰ ਪ੍ਰਤਾਪ ਸਿੰਘ, ਸਰਬਜੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਅਤੇ ਪਤਵੰਤੇ ਹਾਜ਼ਰ ਸਨ।

9 ਜੂਨ ਨੂੰ ਮਹਾਨ ਯੋਧੇ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ 310ਵਾਂ ਸ਼ਹੀਦੀ ਦਿਹਾੜਾ ਰਕਬਾ ਭਵਨ ਵਿਖੇ ਮਨਾਵਾਂਗੇ- ਬਾਵਾ

●12 ਮਈ ਨੂੰ ਫਤਿਹ ਮਾਰਚ ਵਿੱਚ ਸ਼ਮੂਲੀਅਤ ਕਰਨ ਵਾਲਿਆਂ ਦਾ ਬਾਵਾ ਨੇ ਕੀਤਾ ਧੰਨਵਾਦ ●ਉੱਘੇ ਪੰਜਾਬੀ ਲੇਖਕ ਸੰਤ ਸਿੰਘ ਸੇਖੋਂ ਨੂੰ ਕੀਤਾ ਯਾਦ- ਉਹਨਾਂ ਨੇ ਹਮੇਸ਼ਾਂ ਸਮਾਜਿਕ ਬਰਾਬਰਤਾ ਦੀ ਗੱਲ ਕੀਤੀ- ਦਾਖਾ ਸੋਨੀਆ ਅਰੋੜਾ ਫਾਊਂਡੇਸ਼ਨ ਦੀ ਲੁਧਿਆਣਾ ਦੀ ਪ੍ਰਧਾਨ ਅਤੇ ਤਰਨਜੀਤ ਸਿੰਘ ਦਾਖਾ ਪੱਛਮੀ ਬੰਗਾਲ ਫਾਊਂਡੇਸ਼ਨ ਦੇ ਜਨਰਲ ਸਕੱਤਰ ਨਿਯੁਕਤ

ਲੁਧਿਆਣਾ 1 ਜੂਨ (ਕਰਨੈਲ ਸਿੰਘ ਐੱਮ.ਏ.)- ਅੱਜ ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ ਵਿਖੇ ਫਾਊਂਡੇਸ਼ਨ ਦੇ ਅਹੁਦੇਦਾਰਾਂ ਦੀ ਮੀਟਿੰਗ ਫਾਊਂਡੇਸ਼ਨ ਦੇ ਅੰਤਰਰਾਸ਼ਟਰੀ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਸਰਪ੍ਰਸਤ ਮਲਕੀਤ ਸਿੰਘ ਦਾਖਾ, ਸੂਬਾ ਪ੍ਰਧਾਨ ਕਰਨੈਲ ਸਿੰਘ ਗਿੱਲ, ਫਾਊਂਡੇਸ਼ਨ ਦੇ ਲੁਧਿਆਣਾ ਦਿਹਾਤੀ ਦੇ ਪ੍ਰਧਾਨ ਤੇਜਾ ਸਿੰਘ ਫਾਊਂਡੇਸ਼ਨ ਦੇ ਵਾਈਸ ਪ੍ਰਧਾਨ ਅਤੇ ਫਤਿਹ ਮਾਰਚ ਦੇ ਕਨਵੀਨਰ ਜਸਵੰਤ ਸਿੰਘ ਛਾਪਾ, ਫਾਊਂਡੇਸ਼ਨ ਦੀ ਮਹਿਲਾ ਵਿੰਗ ਦੀ ਪੰਜਾਬ ਦੀ ਪ੍ਰਧਾਨ ਕਰਮਜੀਤ ਕੌਰ ਛੰਦੜਾ, ਜਗਜੀਵਨ ਸਿੰਘ ਗਰੀਬ ਜਨਰਲ ਸਕੱਤਰ, ਅੰਮ੍ਰਿਤਪਾਲ ਸਿੰਘ ਸ਼ੰਕਰ ਦੀ ਪ੍ਰਧਾਨਗੀ ਹੇਠ ਹੋਈ।

ਇਸ ਸਮੇਂ ਸ਼੍ਰੀ ਬਾਵਾ ਨੇ ਤਰਨਜੀਤ ਸਿੰਘ ਦਾਖਾ ਨੂੰ ਪੱਛਮੀ ਬੰਗਾਲ ਫਾਊਂਡੇਸ਼ਨ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਜਦਕਿ ਸੋਨੀਆ ਅਰੋੜਾ ਨੂੰ ਫਾਊਂਡੇਸ਼ਨ ਦੀ ਮਹਿਲਾ ਵਿੰਗ ਲੁਧਿਆਣਾ ਸ਼ਹਿਰੀ ਦੀ ਪ੍ਰਧਾਨ ਬਣਾਉਣ ਦਾ ਐਲਾਨ ਕੀਤਾ। ਇਸ ਸਮੇਂ ਗੁਰਬਖਸ਼ ਸਿੰਘ ਬਾਠ ਨੂੰ ਪੰਜਾਬ ਫਾਊਂਡੇਸ਼ਨ ਦਾ ਸਕੱਤਰ ਨਿਯੁਕਤ ਕੀਤਾ।

ਇਸ ਸਮੇਂ ਬੋਲਦਿਆਂ ਸ਼੍ਰੀ ਬਾਵਾ, ਦਾਖਾ ਅਤੇ ਛਾਪਾ ਨੇ ਕਿਹਾ ਕਿ 12 ਮਈ ਨੂੰ ਇਤਿਹਾਸਕ ਸਰਹਿੰਦ ਫਤਿਹ ਦਿਵਸ ਦੇ ਦਿਹਾੜੇ 'ਤੇ ਵਿਸ਼ਾਲ ਫਤਿਹ ਮਾਰਚ ਵਿੱਚ ਸ਼ਮੂਲੀਅਤ ਕਰਨ ਵਾਲੀਆਂ ਸ਼ਖ਼ਸ਼ੀਅਤਾਂ ਅਤੇ ਸਰਪ੍ਰਸਤੀ ਦੇਣ ਵਾਲੇ ਉੱਘੇ ਸਮਾਜਸੇਵੀ ਡਾ: ਐੱਸ.ਪੀ.ਸਿੰਘ ਉਬਰਾਏ, ਹੇਮਰਾਜ ਗੋਇਲ, ਇਕਬਾਲ ਸਿੰਘ ਗਿੱਲ, ਗੁਰਮੀਤ ਸਿੰਘ ਗਿੱਲ ਯੂ.ਐੱਸ.ਏ, ਬਹਾਦਰ ਸਿੰਘ ਸਿੱਧੂ ਯੂ.ਐੱਸ.ਏ, ਨਿਰਮਲ ਸਿੰਘ ਗਰੇਵਾਲ, ਰਵੀ ਪੱਬੀਆਂ ਯੂ.ਐੱਸ.ਏ ਅਤੇ ਸੰਤਾਂ ਮਹਾਂਪੁਰਸ਼ਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨ੍ਹਾਂ ਤਨ-ਮਨ-ਧੰਨ ਨਾਲ ਯੋਗਦਾਨ ਪਾਇਆ।

ਬਾਵਾ ਅਤੇ ਛਾਪਾ ਨੇ ਦੱਸਿਆ ਕਿ 9 ਜੂਨ ਨੂੰ ਮਹਾਨ ਯੋਧੇ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ 310ਵਾਂ ਸ਼ਹੀਦੀ ਦਿਹਾੜਾ ਰਕਬਾ ਭਵਨ ਵਿਖੇ ਮਨਾਵਾਂਗੇ ਜਦਕਿ 9 ਜੂਨ ਨੂੰ ਹੀ ਗੁਰਦੁਆਰਾ ਸ਼੍ਰੀ ਗੁਰੂ ਨਾਨਕ ਸਿਮਰਨ ਕੇਂਦਰ (ਨੇੜੇ ਇਆਲੀ ਚੌਂਕ) ਵਿਖੇ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਸਰੂਪ (ਬੁੱਤ) ਅਤੇ ਬਾਬਾ ਅਜੈ ਸਿੰਘ (ਜੋ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਚਾਰ ਸਾਲਾਂ ਸਪੁੱਤਰ ਸਨ), ਉਹਨਾਂ ਦਾ ਬੁੱਤ ਸੰਤ ਸੁਖਬੀਰ ਸਿੰਘ ਖਾਲਸਾ ਅਤੇ ਤਰਨਜੀਤ ਸਿੰਘ ਨਿਮਾਣਾ ਦੀ ਸਰਪ੍ਰਸਤੀ ਹੇਠ ਸਥਾਪਿਤ ਕੀਤਾ ਜਾ ਰਿਹਾ ਹੈ। ਇਸ ਸਮੇਂ ਸ: ਦਾਖਾ ਨੇ ਉੱਘੇ ਲੇਖਕ ਸੰਤ ਸਿੰਘ ਸੇਖੋਂ ਜੀ ਦੇ ਜਨਮ-ਦਿਨ 'ਤੇ ਉਹਨਾਂ ਦੇ ਜੀਵਨ ਬਾਰੇ ਚਰਚਾ ਕਰਦਿਆਂ ਕਿਹਾ ਕਿ ਸ: ਸੇਖੋਂ ਨੇ ਹਮੇਸ਼ਾਂ ਸਮਾਜਿਕ ਬਰਾਬਰਤਾ ਦੀ ਗੱਲ ਕੀਤੀ। ਉਹਨਾਂ ਨੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਬਚਿੱਤਰ ਨਾਟਕ ਦਾ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ। ਉਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਮਾਣ ਹਨ। ਇਸ ਸਮੇਂ ਸ਼੍ਰੀ ਬਾਵਾ ਨੇ ਕਿਹਾ ਕਿ ਹਲਵਾਰਾ ਹਵਾਈ ਏਅਰਪੋਰਟ ਨੂੰ ਕਾਮਯਾਬ ਕਰਨ ਲਈ ਵਿਉਪਾਰੀ ਵਰਗ ਦੇ ਨਾਲ-ਨਾਲ ਪਿੰਡਾਂ ਦੀਆਂ ਪੰਚਾਇਤਾਂ ਵੀ ਦਿੱਲੀ ਦਾ ਟੂਰ ਲਗਾਉਣ ਤਾਂ ਕਿ ਸਾਡੇ ਪਿੰਡਾਂ ਨੂੰ ਮਿਲੀ ਇਸ ਸੌਗਾਤ ਨੂੰ ਅਸੀਂ ਅੰਤਰਰਾਸ਼ਟਰੀ ਪੱਧਰ ਤੱਕ ਲਿਜਾ ਸਕੀਏ ਅਤੇ ਇਹ ਪੰਜਾਬ ਦੀ ਕਿਸਾਨੀ, ਸਨਅਤ ਦੀ ਤਰੱਕੀ ਅਤੇ ਐਨ.ਆਰ.ਆਈਜ਼ ਲਈ ਵੱਡੀ ਸਹੂਲਤ ਸਾਬਤ ਹੋ ਸਕੇ।

ਇਸ ਸਮੇਂ ਸਰਪੰਚ ਪੱਪੀ ਪੰਡੋਰੀ, ਸੁਖਪਾਲ ਸਿੰਘ ਗਿੱਲ ਐਡਵੋਕੇਟ, ਗੁਰਚਰਨ ਸਿੰਘ ਰਿਟਾ. ਡੀ.ਐੱਸ.ਪੀ, ਗੁਰਦਿਆਲ ਸਿੰਘ ਪ੍ਰਧਾਨ ਰਾਜਗੁਰੂ ਵੈਲਫੇਅਰ ਸੋਸਾਇਟੀ, ਮਨੋਹਰ ਸੁਆਮੀ, ਦਾਰਾ ਦਾਸ ਬਾਵਾ ਜਨਰਲ ਸਕੱਤਰ ਬੈਰਾਗੀ ਮਹਾਂਮੰਡਲ ਪੰਜਾਬ, ਸੰਤੋਸ਼ ਰਾਣੀ, ਪਰਾਗ ਅਰੋੜਾ, ਗੁਰਪ੍ਰੀਤ ਸਿੰਘ ਰਕਬਾ ਮੀਤ ਪ੍ਰਧਾਨ ਗੁਰਦੁਆਰਾ ਕਮੇਟੀ ਅਜੀਤਸਰ, ਗੁਰਦੀਪ ਸਿੰਘ ਕੈਂਥ, ਰਵਿੰਦਰ ਸਿੰਘ ਪ੍ਰਧਾਨ ਗੁਰਦੁਆਰਾ ਕਮੇਟੀ ਅਜੀਤਸਰ, ਓਮ ਪ੍ਰਕਾਸ਼ ਸੁਆਮੀ, ਹਨੂਮਾਨ ਸੁਆਮੀ, ਵਿਕਾਸ ਸਵਾਮੀ ਅਤੇ ਬਸੰਤ ਸਿੰਘ ਆਦਿ ਹਾਜ਼ਰ ਸਨ।

ਜਰਖੜ ਵਿਖੇ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਇਤਿਹਾਸਿਕ ਪੈੜਾਂ ਪਾਉਂਦਾ ਹੋਇਆ ਸਮਾਪਤ

● ਸੀਨੀਅਰ ਵਰਗ ਵਿੱਚ ਗਿੱਲ ਕਲੱਬ ਘਵੱਦੀ ਅਤੇ ਜੂਨੀਅਰ ਵਿੱਚ ਐਚ.ਟੀ.ਸੀ ਰਾਮਪੁਰ ਬਣੇ ਚੈਂਪੀਅਨ ● ਜਰਖੜ ਖੇਡਾਂ ਦੀ ਅੰਤਰਰਾਸ਼ਟਰੀ ਪੱਧਰ ਤੇ ਵਿਲੱਖਣ ਪਹਿਚਾਣ ਬਣਾਵਾਂਗੇ : ਕਬੱਡੀ ਸਟਾਰ ਪਾਲਾ ਜਲਾਲਪੁਰ

ਲੁਧਿਆਣਾ (ਹਰਜਿੰਦਰ ਪਾਲ ਛਾਬੜਾ/ਕਰਨੈਲ ਸਿੰਘ ਐੱਮ.ਏ.) ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟ੍ਰਸਟ ਪਿੰਡ ਜਰਖੜ ਵੱਲੋਂ ਕਰਵਾਏ ਗਏ 16ਵੇਂ ਜੇ.ਐਸ.ਟੀ. ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਇਤਿਹਾਸਿਕ ਪੈੜਾ ਪਾਉਂਦਾ ਜਰਖੜ ਖੇਡ ਸਟੇਡੀਅਮ ਵਿਖੇ ਸਮਾਪਤ ਹੋਇਆ। ਹਜ਼ਾਰਾਂ ਦੀ ਗਿਣਤੀ ਵਿੱਚ ਆਏ ਹਾਕੀ ਪ੍ਰੇਮੀਆਂ ਨੇ ਆਈਪੀਐਲ ਦੀ ਤਰ੍ਹਾਂ ਹਾਕੀ ਮੈਚਾਂ ਦਾ ਆਨੰਦ ਮਾਣਿਆ। ਫਾਈਨਲ ਮੁਕਾਬਲੇ ਵਿੱਚ ਹਾਕੀ ਦੀ ਮਕਬੂਲੀਅਤ ਦੇਖਿਆਂ ਹੀ ਬਣਦੀ ਸੀ।

ਫਲੱਡ ਲਾਈਟਾਂ ਦੀ ਰੋਸ਼ਨੀ ਵਿੱਚ ਵੱਡੀ ਤਾਦਾਦ ਵਿੱਚ ਆਈ ਪਬਲਿਕ ਦੀ ਹਾਜ਼ਰੀ ਵਿੱਚ ਖੇਡੇ ਗਏ ਫਾਈਨਲ ਮੁਕਾਬਲੇ ਵਿੱਚ ਸੀਨੀਅਰ ਵਰਗ ਵਿੱਚ ਗਿੱਲ ਕਲੱਬ ਘਵੱਦੀ ਨੇ ਨੀਟਾ ਕਲੱਬ ਰਾਮਪੁਰ ਨੂੰ 6-4 ਗੋਲਾਂ ਨਾਲ ਹਰਾ ਕੇ ਜਰਖੜ ਖੇਡਾਂ ਦੇ 40 ਸਾਲ ਦੇ ਇਤਿਹਾਸ ਵਿੱਚ ਪਹਿਲੀ ਵਾਰ ਘਵੱਦੀ ਟੀਮ ਨੇ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ। ਉਥੇ ਜੂਨੀਅਰ ਵਰਗ ਵਿੱਚ ਵੀ ਐਚ.ਟੀ.ਸੀ ਸੈਂਟਰ ਰਾਮਪੁਰ ਨੇ ਕਿਲ੍ਹਾ ਰਾਇਪੁਰ ਹਾਕੀ ਸੈਂਟਰ ਨੂੰ ਕਾਂਟੇਦਾਰ ਮੁਕਾਬਲੇ ਵਿੱਚ 1-0 ਗੋਲ ਨਾਲ ਹਰਾ ਕੇ ਪਹਿਲੀ ਵਾਰ ਚੈਂਪੀਅਨ ਜਿੱਤ ਹਾਸਿਲ ਕੀਤੀ। ਇਸ ਤੋਂ ਪਹਿਲਾਂ ਸੀਨੀਅਰ ਵਰਗ ਵਿੱਚ ਜਰਖੜ ਅਕੈਡਮੀ ਨੇ ਅਮਰਗੜ੍ਹ ਨੂੰ 6-4 ਗੋਲਾਂ ਨਾਲ ਹਰਾ ਕੇ ਤੀਸਰਾ ਸਥਾਨ ਹਾਸਿਲ ਕੀਤਾ। ਜਦਕਿ ਜੂਨੀਅਰ ਵਰਗ ਵਿੱਚ ਗੁਰੂ ਤੇਗ ਬਹਾਦੁਰ ਅਕੈਡਮੀ ਚਚਰਾੜੀ ਨੇ ਜਰਖੜ ਅਕੈਡਮੀ ਨੂੰ 5-4 ਗੋਲਾਂ ਨਾਲ ਹਰਾ ਕੇ ਤੀਸਰਾ ਸਥਾਨ ਹਾਸਿਲ ਕੀਤਾ।

ਘਵੱਦੀ ਕਲੱਬ ਦੇ ਦਲਵੀਰ ਸਿੰਘ, ਐਚ.ਟੀ.ਸੀ ਰਾਮਪੁਰ ਦੇ ਰਾਜਵੀਰ ਸਿੰਘ "ਹੀਰੋ ਆਫ ਦਾ ਟੂਰਨਾਮੈਂਟ" ਬਣੇ । ਇਸ ਤੋਂ ਇਲਾਵਾ ਨੀਟਾ ਕਲੱਬ ਰਾਮਪੁਰ ਦੇ ਮਨਪ੍ਰੀਤ ਸਿੰਘ ਮਨੀ, ਜੂਨੀਅਰ ਵਰਗ ਵਿੱਚ ਕਿਲਾ ਰਾਏਪੁਰ ਦੇ ਕਸਮਪ੍ਰੀਤ ਸਿੰਘ, ਜਰਖੜ ਅਕੈਡਮੀ ਦੇ ਰਾਜਵੀਰ ਸਿੰਘ, ਚਚਰਾੜੀ ਦੇ ਪਰਮਿੰਦਰ ਸਿੰਘ, ਸਲੋਨੀ ਜਰਖੜ ਅਕੈਡਮੀ ਟੂਰਨਾਮੈਂਟ ਦੇ ਸਰਵੋਤਮ ਖਿਡਾਰੀ ਚੁਣੇ ਗਏ, ਸਾਰੇ ਖਿਡਾਰੀਆਂ ਨੂੰ ਟਾਪ ਕਲਾਸ ਸਾਈਕਲ ਦੇ ਕੇ ਸਨਮਾਨਿਆ ਗਿਆ। ਇਸ ਮੌਕੇ ਡਰੈਗਨ ਅਕੈਡਮੀ ਦੇ ਬੱਚਿਆਂ ਨੇ ਪੰਜਾਬੀ ਸੱਭਿਆਚਾਰ ਗੀਤਾਂ ਤੇ ਡਾਂਸ ਕਰਕੇ ਪੂਰੇ ਸਟੇਡੀਅਮ ਦੇ ਦਰਸ਼ਕਾਂ ਨੂੰ ਝੂੰਮਣ ਲਾ ਦਿੱਤਾ। ਇਸ ਮੌਕੇ ਕਬੱਡੀ ਦੇ ਬਰਾਂਡਡ ਸੁਪਰ ਸਟਾਰ ਖਿਡਾਰੀ ਪਾਲਾ ਜਲਾਲਪੁਰ, ਅਰਜਨਾ ਐਵਾਰਡ ਜੇਤੂ ਸੱਜਣ ਸਿੰਘ ਚੀਮਾ, ਹਾਕੀ ਦੇ ਉੱਘੇ ਖੇਡ ਪ੍ਰਮੋਟਰ ਸੁਰਿੰਦਰ ਸਿੰਘ ਭਾਪਾ, ਲੋਕ ਗਾਇਕ ਜਸਵੰਤ ਸਿੰਘ ਸੰਦੀਲਾ, ਟੂਰਨਾਮੈਂਟ ਦੇ ਮੁੱਖ ਸਪੋਂਸਰ ਜੰਗਸ਼ੇਰ ਸਿੰਘ ਜੀ.ਐਸ.ਟੀ ਟਰੱਕ ਪਰਮਿਟ, ਸ਼੍ਰੀ ਮੋਹਿਤ ਕੁਮਾਰ ਜੇ.ਐਸ.ਟੀ ਟਰੱਕ ਪਰਮਿਟ ਅਤੇ ਉਹਨਾਂ ਦੀ ਟੀਮ ਨੇ ਮੁੱਖ ਮਹਿਮਾਨ ਵਜੋਂ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕੀਤੀ। ਇਸ ਮੌਕੇ ਕਬੱਡੀ ਦੇ ਸੁਪਰ ਸਟਾਰ ਖਿਡਾਰੀ ਪਾਲਾ ਜਲਾਲਪੁਰ ਨੇ ਆਖਿਆ ਕਿ ਜਰਖੜ ਖੇਡਾਂ ਦੀ ਪਹਿਚਾਣ ਅੰਤਰਰਾਸ਼ਟਰੀ ਪੱਧਰ ਤੇ ਬਣਾਈ ਜਾਵੇਗੀ। ਇਸ ਮੌਕੇ ਜੇ.ਐਸ.ਟੀ ਟਰੱਕ ਪਰਮਿਟ ਗਰੁੱਪ ਵੱਲੋਂ ਹਾਕੀ ਫੈਸਟੀਵਲ ਲਈ ਡੇਢ ਲੱਖ ਰੁਪਏ ਦੀ ਵਿੱਤੀ ਸਹਾਇਤਾ ਵੀ ਦਿੱਤੀ ਗਈ। ਇਸ ਮੌਕੇ ਉੱਘੇ ਖੇਡ ਪ੍ਰਮੋਟਰ ਸੁਰਿੰਦਰ ਸਿੰਘ ਭਾਪਾ ਮੁੱਖ ਪ੍ਰਬੰਧਕ ਸਰਜੀਤ ਹਾਕੀ ਜਲੰਧਰ ਅਤੇ ਸੁਪਰ ਸਟਾਰ ਕਬੱਡੀ ਖਿਡਾਰੀ ਪਾਲਾ ਜਲਾਲਪੁਰ ਨੂੰ ਉਹਨਾਂ ਦੀਆਂ ਖੇਡਾਂ ਪ੍ਰਤੀ ਵਧੀਆ ਸੇਵਾਵਾਂ ਬਦਲੇ "ਪੰਜਾਬ ਦਾ ਮਾਣ ਐਵਾਰਡ" ਵਜੋਂ ਵੀ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਇਸ ਮੌਕੇ ਕਬੱਡੀ ਦੇ ਮੁੱਖ ਪ੍ਰਬੰਧਕ ਮਨੂ ਘਲੋਟੀ, ਜਸਬੀਰ ਸਿੰਘ ਮੋਹਾਲੀ, ਜਸਜੀਤ ਸਿੰਘ ਬਾਜਵਾ, ਪ੍ਰੋਫੈਸਰ ਰਜਿੰਦਰ ਸਿੰਘ ਖਾਲਸਾ ਕਾਲਜ, ਉੱਘੇ ਵਿਗਿਆਨੀ ਡਾਕਟਰ ਹਰਜੀਤ ਸਿੰਘ, ਅਮਰੀਕ ਸਿੰਘ ਮਿਨਹਾਸ ਏਆਈਜੀ, ਹਰਮੀਤ ਸਿੰਘ ਕੋਚ ਜਰਖੜ ਅਕੈਡਮੀ, ਅਕਵਿੰਦਰ ਕੌਰ ਸਿੱਧੂ ਅਮਨਦੀਪ ਕੌਰ ਚਾਹਲ, ਕੁਲਦੀਪ ਸਿੰਘ ਘਵੱਦੀ, ਬਾਬਾ ਗੁਰਸੇਵਕ ਸਿੰਘ ਘਵੱਦੀ, ਸੁਖਵਿੰਦਰ ਸਿੰਘ ਚੈਅਰਮੈਨ ਲੁਧਿਆਣਾ ਸਪੋਰਟਸ ਵੈਲਫੇਅਰ, ਤੇਜਿੰਦਰ ਸਿੰਘ ਜਰਖੜ, ਗੁਰ ਸਤਿੰਦਰ ਸਿੰਘ ਪ੍ਰਗਟ, ਬਲਜੀਤ ਸਿੰਘ ਬਿੱਟੂ ਗਿੱਲ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ ।

36 ਲੱਖ ਰੁਪਏ ਦੀ ਗ੍ਰਾਂਟ ਬੋਹਣ ਸਕੂਲ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰੇਗੀ - ਡਾ. ਇਸ਼ਾਂਕ ਕੁਮਾਰ

ਮਾਪਿਆਂ ਦੀ ਭਾਗੀਦਾਰੀ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰੇਗੀ

ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ) ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੋਹਣ ਵਿਖੇ ਇੱਕ ਮੈਗਾ ਪੀਟੀਐਮ (ਮਾਪੇ-ਅਧਿਆਪਕ ਮੀਟਿੰਗ) ਆਯੋਜਿਤ ਕੀਤੀ ਗਈ। ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਮਾਪਿਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ। ਇਸ ਮੌਕੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਮੈਗਾ ਪੀਟੀਐਮ ਇੱਕ ਮਹੱਤਵਪੂਰਨ ਪਲੇਟਫਾਰਮ ਵਜੋਂ ਉਭਰਿਆ ਹੈ, ਜਿਸ ਵਿੱਚ ਅਧਿਆਪਕ, ਮਾਪੇ ਅਤੇ ਵਿਦਿਆਰਥੀ ਉਤਸ਼ਾਹ ਨਾਲ ਹਿੱਸਾ ਲੈਂਦੇ ਹਨ, ਜਿਸ ਨਾਲ ਇਹ ਸਫਲ ਹੁੰਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਅਜਿਹੇ ਸਮਾਗਮਾਂ ਰਾਹੀਂ ਮਾਪੇ ਆਪਣੇ ਬੱਚਿਆਂ ਦੀ ਪੜ੍ਹਾਈ, ਤਰੱਕੀ ਅਤੇ ਸਕੂਲ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਨ, ਜਿਸ ਨਾਲ ਸਕੂਲ ਅਤੇ ਮਾਪਿਆਂ ਵਿਚਕਾਰ ਤਾਲਮੇਲ ਹੋਰ ਮਜ਼ਬੂਤ ਹੁੰਦਾ ਹੈ। ਵਿਧਾਇਕ ਨੇ ਕਿਹਾ ਕਿ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਵਿੱਚ ਮਿਆਰੀ ਸਿੱਖਿਆ, ਆਧੁਨਿਕ ਸਹੂਲਤਾਂ ਅਤੇ ਬਿਹਤਰ ਸਿੱਖਣ ਦਾ ਮਾਹੌਲ ਪ੍ਰਦਾਨ ਕਰਨ ਲਈ ਲਗਾਤਾਰ ਯਤਨਸ਼ੀਲ ਹੈ। ਸਰਕਾਰੀ

ਸਕੂਲਾਂ ਵਿੱਚ ਹੋ ਰਹੀਆਂ ਸਕਾਰਾਤਮਕ ਤਬਦੀਲੀਆਂ ਨੇ ਮਾਪਿਆਂ ਦਾ ਵਿਸ਼ਵਾਸ ਵਧਾਇਆ ਹੈ, ਅਤੇ ਵੱਧ ਰਹੀ ਗਿਣਤੀ ਵਿੱਚ ਲੋਕ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾ ਰਹੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਲਗਨ ਨਾਲ ਪੜ੍ਹਨ ਅਤੇ ਜ਼ਿੰਦਗੀ ਵਿੱਚ ਉੱਚ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ। ਡਾ. ਇਸ਼ਾਂਕ ਕੁਮਾਰ ਨੇ ਦੱਸਿਆ ਕਿ ਸਰਕਾਰੀ ਸਕੂਲ ਬੋਹਾਨ ਦੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਲਈ 3.6 ਮਿਲੀਅਨ ਦੀ ਗ੍ਰਾਂਟ ਪ੍ਰਦਾਨ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ 1.3 ਮਿਲੀਅਨ ਦੇ ਫੰਡ ਨਾਲ ਨਵੇਂ ਕਲਾਸਰੂਮ ਬਣਾਏ ਗਏ ਹਨ। ਲਾਇਬ੍ਰੇਰੀ ਦੀ ਇਮਾਰਤ ਦੀ ਉਸਾਰੀ ਲਈ 1.3 ਮਿਲੀਅਨ ਅਤੇ ਸਕੂਲ ਹਾਲ ਦੀ ਉਸਾਰੀ ਲਈ 1 ਮਿਲੀਅਨ ਦੀ ਰਕਮ ਅਲਾਟ ਕੀਤੀ ਗਈ ਹੈ, ਜੋ ਦੋਵੇਂ ਇਸ ਸਮੇਂ ਚੱਲ ਰਹੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਵਿਦਿਆਰਥੀਆਂ ਨੂੰ ਆਧੁਨਿਕ, ਤਕਨਾਲੋਜੀ-ਅਧਾਰਤ ਸਿੱਖਿਆ ਪ੍ਰਦਾਨ ਕਰਨ ਲਈ ਸਕੂਲ ਨੂੰ ਦੋ ਲੈਪਟਾਪ ਸਕ੍ਰੀਨਾਂ ਅਤੇ ਅੱਠ ਕੰਪਿਊਟਰ ਪ੍ਰਦਾਨ ਕੀਤੇ ਗਏ ਹਨ। ਸਕੂਲ ਪ੍ਰਿੰਸੀਪਲ ਮਲਕੀਤ ਕੌਰ ਨੇ ਮੁੱਖ ਮਹਿਮਾਨ ਅਤੇ ਹੋਰ ਪਤਵੰਤਿਆਂ ਦਾ ਸਵਾਗਤ ਕੀਤਾ ਅਤੇ ਸਕੂਲ ਦੀਆਂ ਅਕਾਦਮਿਕ, ਖੇਡਾਂ ਅਤੇ ਸਹਿ-ਪਾਠਕ੍ਰਮ ਗਤੀਵਿਧੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਮੈਗਾ ਪੀਟੀਐਮ ਦੌਰਾਨ, ਮਾਪਿਆਂ ਨੂੰ ਵਿਦਿਆਰਥੀਆਂ ਦੀ ਪੜ੍ਹਾਈ, ਹਾਜ਼ਰੀ, ਪ੍ਰਦਰਸ਼ਨ ਅਤੇ ਅਨੁਸ਼ਾਸਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ, ਅਤੇ ਉਨ੍ਹਾਂ ਦੇ ਸੁਝਾਅ ਵੀ ਲਏ ਗਏ।

ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਵਾਲੀ ਮਸ਼ੀਨਾਂ ਲਈ ਬਿਨੈਕਾਰਾਂ ਦੀ ਚੋਣ 3 ਜੂਨ ਨੂੰ - ਡਿਪਟੀ ਕਮਿਸ਼ਨਰ

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਪੰਜਾਬ ਸਰਕਾਰ ਵਲੋਂ ਸਾਲ 2026 ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਮੁੱਹਿਮ ਤੇਜੀ ਨਾਲ ਚਲ ਰਹੀ ਹੈ। ਇਸ ਸਬੰਧ ਵਿੱਚ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ, ਗੁੱਲਪ੍ਰੀਤ ਸਿੰਘ ਔਲਖ (ਆਈ.ਏ.ਐਸ) ਵਲੋਂ ਜਾਣਕਾਰੀ ਦਿੱਤੀ ਗਈ ਕਿ ਕਰਾਪ ਰੈਜ਼ਿਡਯੂ ਮੈਨੇਜਮੈਂਟ ਸਕੀਮ ਸਾਲ 2026 ਲਈ ਝੋਨੇ ਦੀ ਪਰਾਲੀ ਦੀਆਂ ਸਾਭ-ਸੰਭਾਲ ਵਾਲੀਆਂ ਮਸ਼ੀਨਾਂ ਤੇ ਸਬਸਿਡੀ ਦੇਣ ਲਈ ਬਿਨੈਕਾਰਾਂ ਦੀ ਚੋਣ ਮਿਤੀ 03-06-2026 ਨੂੰ ਸਵੇਰੇ 11:00 ਵਜੇ ਡੀ.ਸੀ ਦਫਤਰ ਵਿੱਖੇ ਕੀਤੀ ਜਾਣੀ ਹੈ। ਉਨ੍ਹਾਂ ਵਲੋਂ ਇਸ ਸਕੀਮ ਵਿੱਚ ਅਪਲਾਈ ਕੀਤੇ ਗਏ ਕਿਸਾਨਾਂ ਨੂੰ ਇਸ ਚੋਣ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ। ਉਨ੍ਹਾਂ ਵਲੋਂ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਕੋਈ ਵੀ ਕਿਸਾਨ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਵੇ ਜਿਸ ਨਾਲ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਿਆ ਜਾ ਸਕੇ। ਇਸ ਸਬੰਧ ਵਿੱਚ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਮੁੱਖ ਖੇਤੀਬਾੜੀ ਅਫਸਰ ਡਾ. ਲੇਖ ਰਾਜ ਮਾਹੀ ਵਲੋਂ ਜਾਣਕਾਰੀ ਦਿੱਤੀ ਗਈ ਕਿ ਇੱਸ ਸਕੀਮ ਅਧੀਨ ਹਲੇ ਤੱਕ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਝੋਨੇ ਦੀ ਪਰਾਲੀ ਦੀ ਸਾਭ-ਸੰਭਾਲ ਵਾਲੀਆਂ ਕੁੱਲ 2126 ਮਸ਼ੀਨਾਂ ਉਪਲੱਬਧ ਹਨ। ਜਿਸ ਵਿੱਚ ਇੰਨ-ਸੀਟੂ ਵਾਲੀਆਂ ਮਸ਼ਨਿਾਂ ਜਿਵੇਂ ਕਿ ਸੁਪਰ ਸੀਡਰ, ਸਰਫੇਸ ਸੀਡਰ, ਹੈਪੀ ਸੀਡਰ, ਮਲਚਰ, ਸਮਾਰਟ ਸੀਡਰ, ਜ਼ੀਰੋ ਟਿੱਲ ਡਰਿਲ ਆਦਿ ਅਤੇ ਐਕਸ ਸੀਟੂ ਵਾਲੀਆ ਮਸ਼ੀਨਾਂ ਬੇਲਰ, ਰੇਕ ਅਤੇ ਕਰਾਪ ਰੀਪਰ ਅਦਿ ਉਪਲੱਬਧ ਹਨ। ਉਨ੍ਹਾ ਵਲੋਂ ਸਮੂਹ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਅਤੇ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਅਪੀਲ ਕੀਤੀ ਗਈ।

ਕਾਰ ਅਤੇ ਮੋਟਰਸਾਈਕਲ ਦੀ ਟੱਕਰ 'ਚ ਮੋਟਰਸਾਈਕਲ ਸਵਾਰ ਦੋਨੋਂ ਜਖ਼ਮੀ

ਜਾਨੀ ਨੁਕਸਾਨ ਦਾ ਬਚਾਅ,ਮੋਟਰਸਾਈਕਲ ਬੁਰੀ ਤਰ੍ਹਾਂ ਨਾਲ ਨੁਕਸਾਨਿਆ ਗਿਆ

ਨਵਾਂਸ਼ਹਿਰ /ਕਾਠਗੜ੍ਹ 1 ਜੂਨ (ਜਤਿੰਦਰ ਪਾਲ ਸਿੰਘ ਕਲੇਰ) ਰੋਪੜ੍ਹ ਬਲਾਚੌਰ ਨੈਸ਼ਨਲ ਹਾਈਵੇ ਤੇ ਨੇੜੇ ਪਿੰਡ ਰੈਲਮਾਜਰਾ ਦੇ ਕੋਲ ਐਕਸੀਡੈਂਟ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਕੁਲਦੀਪ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਹਗੀਰ ਤੋਂ ਸੂਚਨਾ ਪ੍ਰਾਪਤ ਹੋਈ ਰੈਲਮਾਜਰਾ ਐਚ ਪੀ ਪੈਟਰੋਲ ਪੰਪ ਨਜ਼ਦੀਕ ਐਕਸੀਡੈਂਟ ਹੋ ਗਿਆ ਹੈ ਤਾਂ ਉਨ੍ਹਾਂ ਨੇ ਮੌਕੇ ਤੇ ਜਾ ਕੇ ਦੇਖਿਆ ਇੱਕ ਸਪਲੈਂਡਰ ਮੋਟਰਸਾਈਕਲ ਨੂੰ ਪੀ ਬੀ 10ਸੀ ਓ9225 ਜਿਸਨੂੰ ਕਿ ਵਿਸ਼ਾਲ ਕਟਾਰੀਆ ਪੁੱਤਰ ਰਾਮ ਕ੍ਰਿਸ਼ਨ ਵਾਸੀ ਬਿਲਾਸਪੁਰ, ਹਿਮਾਚਲ ਪ੍ਰਦੇਸ਼ ਚਲਾ ਰਿਹਾ ਸੀ ਅਤੇ ਇਸ ਦੇ ਮਗਰ ਇਸ ਦੋਸਤ ਨਿਤਿਨ ਪੁੱਤਰ ਕਸ਼ਮੀਰ ਸਿੰਘ ਵਾਸੀ ਬਿਲਾਸਪੁਰ, ਹਿਮਾਚਲ ਪ੍ਰਦੇਸ਼ ਬੈਠਾ ਇਹ ਮੋਟਰਸਾਈਕਲ ਬਲਾਚੌਰ ਸਾਇਡ ਤੋਂ ਰੋਪੜ ਸਾਈਡ ਜਾ ਰਿਹਾ ਸੀ ਜਦੋਂ ਇਹ ਮੋਟਰਸਾਈਕਲ ਪੈਟਰੋਲ ਪੰਪ ਨਜ਼ਦੀਕ ਸਰਵਿਸ ਰੋਡ ਤੋਂ ਮੇਨ ਹਾਈਵੇ ਤੇ ਚੜ੍ਹਨ ਲੱਗੇ ਤਾਂ ਪਿੱਛੇ ਦੀ ਆ ਰਹੀ ਇੱਕ ਸਵਿਫਟ ਡਿਜਾਇਰ ਯੂ ਪੀ 32ਸੀ ਐਕਸ 2691 ਜਿਸ ਸਾਕਿਦ ਪੁੱਤਰ ਰਿਆਜ਼ ਵਾਸੀ ਬੱਦੀ ਹਿਮਾਚਲ ਪ੍ਰਦੇਸ਼ ਚਲਾ ਰਿਹਾ ਸੀ ਕਾਰ ਨਾਲ ਮੋਟਰਸਾਈਕਲ ਟੱਕਰ ਹੋ ਗਈ ਜਿਸ ਵਿੱਚ ਮੋਟਰਸਾਈਕਲ ਸਵਾਰ ਦੋਨਾਂ ਵਿਅਕਤੀਆਂ ਜਖ਼ਮੀ ਹੋ ਗਏ ਜਿਹਨਾਂ ਨੂੰ ਨੈਸ਼ਨਲ ਹਾਈਵੇ ਅਥਾਰਟੀ ਦੀ ਐਬੂਲੈਂਸ ਰਾਹੀ ਇਲਾਜ਼ ਲਈ ਸਿਵਲ ਹਸਪਤਾਲ ਰੋਪੜ੍ਹ ਲਿਜਾਇਆ ਗਿਆ । ਹਾਦਸੇ ਵਿੱਚ ਮੋਟਰਸਾਈਕਲ ਬੁਰੀ ਤਰ੍ਹਾਂ ਨਾਲ ਨੁਕਸਾਨੀਆ ਗਿਆ ਐਸ ਐਸ ਐਫ ਦੀ ਟੀਮ ਵਲੋਂ ਮੋਟਰਸਾਈਕਲ ਤੇ ਕਾਰ ਚੌਕੀ ਆਂਸਰੋ ਦੇ ਹਵਾਲੇ ਕੀਤੇ ਗਏ ਅਤੇ ਰੋਡ ਕਲੀਅਰ ਕਰਵਾਕੇ ਆਵਾਜਾਈ ਨੂੰ ਸੁਚਾਰੂ ਕਰਵਾਇਆ ਗਿਆ।

ਬਾਰਸ਼ ਕਾਰਨ ਹੁਸ਼ਿਆਰਪੁਰ ਮੰਡੀ ਰੇਲਵੇ ਫਾਟਕ 'ਤੇ ਮੁਰੰਮਤ ਕੰਮ 'ਚ ਦੇਰੀ ਅੱਜ ਤੱਕ ਰਹੇਗਾ ਬੰਦ - ਡਿਪਟੀ ਕਮਿਸ਼ਨਰ

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹੁਸ਼ਿਆਰਪੁਰ ਮੰਡੀ (ਰੇਲਵੇ ਮੰਡੀ) ਸਥਿਤ ਲੈਵਲ ਕਰਾਸਿੰਗ ਬੀ-50 ਰੇਲਵੇ ਫਾਟਕ 'ਤੇ ਚੱਲ ਰਹੇ ਮੁਰੰਮਤ ਕੰਮ ਨੂੰ ਬਾਰਸ਼ ਕਾਰਨ ਨਿਰਧਾਰਤ ਸਮੇਂ 'ਤੇ ਪੂਰਾ ਨਹੀਂ ਕੀਤਾ ਜਾ ਸਕਿਆ। ਇਸ ਲਈ ਮੌਸਮ ਦੀ ਵਜ੍ਹਾ ਨਾਲ ਕੁਝ ਤਕਨੀਕੀ ਅਤੇ ਮੁਰੰਮਤ ਸਬੰਧੀ ਕੰਮ ਬਾਕੀ ਹਨ, ਜਿਸ ਨੂੰ ਸੁਰੱਖਿਆ ਅਤੇ ਸੁਚਾਰੂ ਢੰਗ ਨਾਲ ਪੂਰਾ ਕਰਨ ਲਈ ਵੱਧ ਸਮੇਂ ਦੀ ਜ਼ਰੂਰਤ ਹੈ। ਉਨ੍ਹਾਂ ਦੱਸਿਆ f ਕ ਐਸ.ਐਸ.ਈ/ਵਰਕਸ/ਜਲੰਧਰ ਕੈਂਟ ਉਤਰੀ ਰੇਲਵੇ ਦੇ ਸਬੰਧਤ ਅਧਿਕਾਰੀਆਂ ਅਨੁਸਾਰ ਫਾਟਕ 'ਤੇ ਜ਼ਰੂਰੀ ਮੁਰੰਮਤ ਕੰਮ ਜਾਰੀ ਹਨ ਅਤੇ ਯਾਤਰੀਆਂ ਅਤੇ ਆਮ ਜਨਤਾ ਦੀ ਸੁਰੱਖਿਆ ਨੂੰ ਪਹਿਲ ਦਿੰਦੇ ਹੋਏ ਕੇਵਲ ਕਰਾਸਿੰਗ ਬੀ-50 ਨੂੰ ਹੁਣ 2 ਜੂਨ 2026 ਤੱਕ ਬੰਦ ਰੱਖਣ ਦਾ ਫੈਸਲਾ ਲਿਆ ਗਿਆ ਹੈ। ਮੁਰੰਮਤ ਕੰਮ ਪੂਰਾ ਹੋਣ ਉਪਰੰਤ ਹੀ ਫਾਟਕ ਨੂੰ ਆਵਾਜਾਈ ਲਈ ਖੋਲ੍ਹਿਆ ਜਾਵੇਗਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਰੇਲਵੇ ਵਿਭਾਗ ਵਲੋਂ ਕੰਮ ਨੂੰ ਜਲਦ ਤੋਂ ਜਲਦ ਪੂਰਾ ਕਰਨ ਲਈ ਜ਼ਰੂਰੀ ਯਤਨ ਕੀਤੇ ਜਾ ਰਹੇ ਹਨ ਤਾਂ ਜੋ ਆਮ ਲੋਕਾਂ ਨੂੰ ਹੋਣ ਵਾਲੀ ਅਸੁਵਿਧਾ ਨੂੰ ਘੱਟ ਕੀਤਾ ਜਾ ਸਕੇ। ਉਨ੍ਹਾਂ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਮਿਆਦ ਦੌਰਾਨ ਬਲਦਵੇਂ ਰਸਤੇ ਦੀ ਵਰਤੋਂ ਕਰਨ ਅਤੇ ਪ੍ਰਸ਼ਾਸਨ ਅਤੇ ਰੇਲਵੇ ਵਿਭਾਗ ਦਾ ਸਹਿਯੋਗ ਕਰਨ। ਆਸ਼ਿਕਾ ਜੈਨ ਨੇ ਕਿਹਾ ਕਿ ਬਾਰਸ਼ ਕਾਰਨ ਪੈਦਾ ਹੋਈ ਇਸ ਤਕਨੀਕੀ ਸਥਿਤੀ ਨਾਲ ਲੋਕਾਂ ਨੂੰ ਹੋਣ ਵਾਲੀ ਅਸੁਵਿਧਾ ਲਈ ਰੇਲਵੇ ਵਿਭਾਗ ਨੇ ਖੇਦ ਪ੍ਰਗਟ ਕੀਤਾ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਮੁਰੰਮਤ ਕੰਮ ਪੂਰਾ ਹੁੰਦੇ ਹੀ ਫਾਟਕ ਨੂੰ ਸੁਰੱਖਿਅਤ ਰੂਪ ਵਿਚ ਆਵਾਜਾਈ ਲਈ ਖੋਲ੍ਹ ਦਿੱਤਾ ਜਾਵੇਗਾ। ਆਸ਼ਿਕਾ ਜੈਨ ਨੇ ਆਮ ਜਨਤਾ ਨੂੰ ਸਬਰ ਬਣਾਏ ਰੱਖਣ ਅਤੇ ਸੁਰੱਖਿਆ ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਹੈ।

ਭਾਰਤ ਸਕਾਊਟਸ ਅਤੇ ਗਾਈਡਜ਼ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਉੱਚ ਸਿੱਖਿਆ ਦੇ ਦਾਖਲਿਆਂ ਵਿੱਚ ਵਿਸ਼ੇਸ ਅੰਕ ਦੇਣ ਦਾ ਫੈਸਲਾ ਇਤਹਾਸਿਕ-ਓਕਾਂਰ ਸਿੰਘ ਐਸ.ਓ.ਸੀ

ਨਵਾਂਸ਼ਹਿਰ 1 ਜੂਨ(ਜਤਿੰਦਰ ਪਾਲ ਸਿੰਘ ਕਲੇਰ) ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਭਾਰਤ ਸਕਾਊਟਸ ਅਤੇ ਗਾਈਡਜ਼ ਨੂੰ ਉੱਚ ਸਿੱਖਿਆ ਵਿੱਚ ਦਾਖਲਿਆ ਲਈ ਵੇਟਿਜ਼ ਲਿਸ਼ਟ ਵਿੱਚ ਸ਼ਾਮਿਲ ਕੀਤਾ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਟੇਟ ਆਰਗੇਨਾਈਜ਼ਿੰਗ ਕਮਿਸ਼ਨਰ ਭਾਰਤ ਸਕਾਊਟਸ ਅਤੇ ਗਾਈਡਜ਼ ਪੰਜਾਬ ਸਰਦਾਰ ਉਂਕਾਰ ਸਿੰਘ ਨੇ ਦੱਸਿਆ ਕਿ ਪਿਛਲੇ ਦਿਨੀ ਭਾਰਤ ਸਕਾਊਟਸ ਅਤੇ ਗਾਈਡਜ਼ ਪੰਜਾਬ ਦੇ ਸਟੇਟ ਆਰਗੇਨਾਈਜ਼ਿੰਗ ਕਮਿਸ਼ਨਰ ਓਕਾਂਰ ਸਿੰਘ ਤੇ ਟੀਮ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਪ੍ਰੋ.ਡਾ. ਜਗਦੀਪ ਸਿੰਘ ਵਿਚਕਾਰ ਅਤੇ ਯੂਨੀਵਰਸਿਟੀ ਦੇ ਵੱਖ ਵੱਖ ਵਿਭਾਗਾ ਦੇ ਡੀਨ ਅਤੇ ਦਾਖਲਿਆ ਸਬੰਧੀ ਕਮੇਟੀਆ ਨਾਲ ਵਿਸਥਾਰ ਨਾਲ ਮੀਟਿੰਗਾਂ ਹੋਈਆ ਸਨ ਤੇ ਉਹਨਾਂ ਮੀਟਿੰਗਾਂ ਦੇ ਸਿੱਟੇ ਵਜੋਂ ਪੰਜਾਬੀ ਯੀਨਵਰਸਿਟੀ ਵਲੋਂ ਇਹ ਫੈਸਲਾ ਲਿਆ ਹੈ। ਹੁਣ ਯੂਨੀਵਰਸਿਟੀ ਦੇ ਫੈਸਲੇ ਨਾਲ ਯੂਨੀਵਰਸਿਟੀ ਨਾਲ ਸਬੰਧਤ ਹਾਇਰ ਸਿੱਖਿਆ ਵਿੱਚ ਦਾਖਲੇ ਭਾਰਤ ਸਕਾਊਟਸ ਅਤੇ ਗਾਈਡਜ਼ ਵਾਲੇ ਵਿਦਿਆਰਥੀਆ ਨੂੰ ਦਾਖਲੇ ਲਈ ਵਿਸ਼ੇਸ ਨੰਬਰ ਦੇਣ ਦਾ ਫੈਸਲਾ ਕੀਤਾ ਹੈ। ਜਿਸ ਤਹਿਤ ਤ੍ਰਿਤੀਆ ਸੋਪਾਨ ਸਕਾਊਟ ਗਾਈਡ /ਨਿਪੁੰਨ ਰੋਵਰ/ਰੇਂਜਰ ਲਈ 1% ਵੇਟਿਜ਼,ਸਟੇਟ ਐਵਾਰਡ(ਰਾਜ ਪੁਰਸ਼ਕਾਰ)/ਰੋਵਰ ਰੇਂਜਰ ਲਈ 2%,ਰਾਸਟਰਪਤੀ ਐਵਾਰਡ ਵਾਲੇ ਵਿਦਿਆਰਥੀਆ ਨੂੰ 3% ਵੇਟਿਜ਼ ਅੰਕ ਮੈਰਿਟ ਵਿੱਚ ਦਿੱਤੇ ਜਾਣਗੇ। ਇਸ ਮੌਕੇ ਸਰਦਾਰ ਓਕਾਂਰ ਸਿੰਘ ਨੇ ਕਿਹਾ ਕਿ ਅੱਜ ਦਾ ਦਿਨ ਭਾਰਤ ਸਕਾਊਟਸ ਅਤੇ ਗਾਈਡਜ਼ ਲਈ ਇੱਕ ਇਤਹਾਸਿਕ ਦਿਨ ਹੈ ਜਿਸ ਲਈ ਭਾਰਤ ਸਕਾਊਟਸ ਅਤੇ ਗਾਈਡਜ਼ ਪੰਜਾਬ ਦੀ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ। ਇਸ ਮੌਕੇ ਉਹਨਾਂ ਪੰਜਾਬੀ ਯੂਨੀਵਰਸਿਟੀ ਦੇ ਵਾਈਸ਼ ਚਾਂਸਲਰ ਪ੍ਰੋ.ਡਾ. ਜਗਦੀਪ ਸਿੰਘ ਅਤੇ ਉਹਨਾਂ ਦੀ ਪੂਰੀ ਟੀਮ ਦਾ ਵੀ ਧੰਨਵਾਦ ਕੀਤਾ ਜਿਹਨਾਂ ਭਾਰਤ ਸਕਾਊਟਸ ਅਤੇ ਗਾਈਡਜ਼ ਦੀ ਮਹੱਤਤਾ ਨੂੰ ਦੇਖਦੇ ਹੋਏ ਇਹ ਫੈਸਲਾ ਲਿਆ ਹੈ।

ਭਾਰਤ ਸਕਾਊਟਸ ਅਤੇ ਗਾਈਡਜ਼ ਪੰਜਾਬ ਅਤੇ ,ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅਧਿਕਾਰੀਆ ਨਾਲ ਮੀਟਿੰਗ ਦਾ ਦ੍ਰਿਸ।

ਇੱਕੋ ਇੱਕ ਰਾਹ

ਆਮ ਬੰਦੇ ਦਾ ਜੀਣਾ ਦੁੱਭਰ ,
ਜਦ ਕਰਦੀਆਂ ਸਰਕਾਰਾਂ ।
ਹੜ੍ਹ ਵਾਂਗੂੰ ਆ ਜਾਣ ਬਾਜਾਰੀਂ ,
ਚੁੰਨੀਆਂ ਤੇ ਦਸਤਾਰਾਂ ।
ਫ਼ਿਰ ਇੱਕੋ ਹੱਲ ਰਹਿ ਜਾਂਦਾ ਏ,
ਏਕੇ ਤੇ ਸੰਘਰਸ਼ਾਂ ਦਾ ,
ਪੁਲਿਸ ਫ਼ੌਜ ਤੋਂ ਕਦੋਂ ਰੁਕਦੀਆਂ,
ਸਿਰਲੱਥਾਂ ਦੀਆਂ ਡਾਰਾਂ ।

ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ
ਸੰਗਰੂਰ -9914836037

ਕੀਰਤਨ ਜਾਂ ਤਮਾਸ਼ਾ?

ਧੰਨ ਗੁਰੂ ਨਾਨਕ ਦਾ ਉਪਦੇਸ਼ ਸੀ,
ਇੱਕ ਓਅੰਕਾਰ ਦਾ ਦਿੱਤਾ ਸੰਦੇਸ਼ ਸੀ।
ਗਾਉਂਦੇ ਮੰਚਾਂ 'ਤੇ ਬਣ ਕੇ ਮਹਾਨ ਸੱਜਣਾ,
ਐਵੇਂ ਰੁੱਸਿਆ ਨਾ ਕਰ ਮੇਰੀ ਜਾਨ ਸੱਜਣਾ।
ਗੁਰਬਾਣੀ ਦੀ ਥਾਂ ਫ਼ਿਲਮੀ ਤਰਾਨੇ,
ਸੰਗਤਾਂ ਨੂੰ ਬਸ ਭਰਮਾਉਣ ਦੇ ਬਹਾਨੇ।
ਇਹ ਕੀਰਤਨ ਨਹੀਂ, ਬਣ ਗਿਆ ਹੈ ਵਪਾਰ,
ਧਰਮ ਦਾ ਕਰ ਰਹੇ ਨੁਕਸਾਨ ਸੱਜਣਾ,
ਐਵੇਂ ਰੁੱਸਿਆ ਨਾ ਕਰ ਮੇਰੀ ਜਾਨ ਸੱਜਣਾ।
ਦਸਤਾਰ ਸਜਾ ਕੇ ਬਹਿੰਦੇ ਤਖ਼ਤਾਂ ਉੱਤੇ,
ਪਰ ਮਨ ਭਟਕੇ ਦੁਨਿਆਵੀ ਰੰਗਾਂ ਉੱਤੇ।
ਹੱਥ 'ਚ ਤਾਨਪੁਰਾ, ਦਿਲ 'ਚ ਲਾਲਚ ਦੀ ਪਿਆਸ,
ਰੱਬ ਨੂੰ ਵੇਚਣ ਲੱਗੇ ਦੁਕਾਨ ਸੱਜਣਾ,
ਐਵੇਂ ਰੁੱਸਿਆ ਨਾ ਕਰ ਮੇਰੀ ਜਾਨ ਸੱਜਣਾ।
ਗੁਰਮੀਤ ਕਹੇ, ਦੇਖੋ ਇਹ ਕਿਹੋ ਜਿਹੇ ਬਾਬੇ,
ਕਿੱਥੋਂ ਲੱਭਦੇ ਨੇ ਸੁਰ ਤੇ ਵਜਾਉਂਦੇ ਕਿਵੇਂ ਵਾਜੇ।
ਜਿੱਥੇ ਚਾਹੀਦੀ ਸੀ ਹੋਣੀ ਵਾਹਿਗੁਰੂ ਦੀ ਗੂੰਜ,
ਉੱਥੇ ਆਸ਼ਕੀ ਦੇ ਹੁੰਦੇ ਗੁਣਗਾਣ ਸੱਜਣਾ,
ਐਵੇਂ ਰੁੱਸਿਆ ਨਾ ਕਰ ਮੇਰੀ ਜਾਨ ਸੱਜਣਾ।

ਗੁਰਮੀਤ ਡੁਮਾਣਾ
ਲੋਹੀਆਂ ਖਾਸ, ਜਲੰਧਰ

ਇਸ਼ਤਿਹਾਰਬਾਜ਼ੀ

ਖੰਬਿਆਂ ਤੇ ਲਿਖ ਲਿਖ ਕੇ
'ਰੁੱਖ ਲਗਾਓ ਪਾਣੀ ਬਚਾਓ'
ਏਦਾਂ ਹਰਿਆਲੀ ਉਗਾਈ ਨਹੀਂ ਜਾਣੀਂ।

ਬੱਸਾਂ ਪਿੱਛੇ ਲਿਖ ਲਿਖ ਕੇ
'ਯੁੱਧ ਨਸ਼ਿਆਂ ਵਿਰੁੱਧ'
ਏਦਾਂ ਜਵਾਨੀ ਬਚਾਈ ਨਹੀਂ ਜਾਣੀਂ।

ਨਕਲੀ ਆਲ੍ਹਣੇ ਟੰਗ ਟੰਗ ਕੇ
ਲਿਖ ਕੇ ਸਲੋਗਨ ਪੰਛੀਆਂ ਤੇ
ਏਦਾਂ ਚਿੜੀਆਂ ਦੀ ਗਿਣਤੀ ਵਧਾਈ ਨਹੀਂ ਜਾਣੀਂ

ਬੈਨਰ ਲਾ ਕੇ ਪਿੰਡਾਂ ਵਿੱਚ
'ਅੱਗ ਨਾ ਲਾਓ ਧਰਤੀ ਬਚਾਓ'
ਏਦਾਂ ਖੇਤਾਂ ਦੀ ਅੱਗ ਬੁਝਾਈ ਨਹੀਂ ਜਾਣੀਂ।

ਬੇਟੀ ਪੜ੍ਹਾਓ ਬੇਟੀ ਬਚਾਓ
ਦਾ ਨਾਅਰਾ ਲਿਖ ਕੇ ਕੰਧਾਂ ਤੇ
ਬੱਚੀਆਂ ਦੀ ਬਿਹਤਰੀ ਬਣਾਈ ਨਹੀਂ ਜਾਣੀਂ।

ਰੰਗ ਰੋਗਨ ਨਾਲ ਕੰਮ ਨਹੀਂ ਚੱਲਣਾ
ਮਾਸਟਰਾਂ ਤੇ ਡਾਕਟਰਾਂ ਦੀ ਭਰਤੀ ਬਗੈਰ
'ਦੀਪ' ਸਿਹਤ ਤੇ ਸਿੱਖਿਆ ਚਮਕਾਈ ਨਹੀਂ ਜਾਣੀਂ।

ਇਸ਼ਤਿਹਾਰਬਾਜ਼ੀ' ਨੂੰ ਛੱਡ ਸਰਕਾਰੇ
ਕੁਝ ਅਮਲੀ ਜਾਮਾ ਪਹਿਨਾ ਕੇ ਦਿਖਾ
ਨਈ ਤਾਂ ਸਤਾਈ ਚ ਸੱਤਾ ਬਚਾਈ ਨਹੀਂ ਜਾਣੀਂ।

ਕੁਲਦੀਪ ਬਾਦਸ਼ਾਹਪੁਰੀ
9501948910

ਮਿਲਣੀ ਰੰਗ ਲਿਆਈ

ਅੱਜ ਸਕੂਲ ਦੀ ਰੌਣਕ ਵੱਖਰੀ, ਹਰ ਕੋਈ ਚਾਅ ਵਿੱਚ ਆਇਆ ਹੈ,
ਮਾਪੇ-ਅਧਿਆਪਕ ਮਿਲਣੀ ਦਾ, ਇੱਕ ਖ਼ਾਸ ਦਿਨ ਲਿਸ਼ਕਾਇਆ ਹੈ।
ਫੜ ਕੇ ਉਂਗਲ ਬਾਬੁਲ ਦੀ, ਅੱਜ ਬੱਚਾ ਜਦੋਂ ਜਮਾਤ ਵਿੱਚ ਵੜਿਆ,
ਚਿਹਰੇ ਉੱਤੇ ਨੂਰ ਸੀ ਵੱਖਰਾ, ਜੋ ਮਿਹਨਤ ਦੇ ਰੰਗ ਵਿੱਚ ਰੰਗਿਆ।
ਮੈਡਮ ਨੇ ਜਦੋਂ ਰਿਪੋਰਟ ਕਾਰਡ, ਹੱਥਾਂ ਦੇ ਵਿੱਚ ਫੜਾਇਆ,
"ਪਹਿਲਾ ਨੰਬਰ ਆਇਆ ਇਸਦਾ", ਕਹਿ ਕੇ ਜਦੋਂ ਸੁਣਾਇਆ।
ਅੱਖਾਂ ਦੇ ਵਿੱਚ ਖੁਸ਼ੀ ਦੇ ਹੰਝੂ, ਮਾਂ ਦੇ ਪਲ ਵਿੱਚ ਆਏ,
ਪਿਓ ਦਾ ਸੀਨਾ ਚੌੜਾ ਹੋਇਆ, ਭਾਗ ਅੱਜ ਉੱਘੜ ਆਏ।
ਅਧਿਆਪਕ ਕਹਿੰਦਾ, "ਧੰਨ ਭਾਗ ਨੇ, ਬੱਚਾ ਬੜਾ ਸਿਆਣਾ ਹੈ,
ਹਰ ਇੱਕ ਸਵਾਲ ਦਾ ਉੱਤਰ ਇਸਨੇ, ਪਲਾਂ ਦੇ ਵਿੱਚ ਸੁਣਾਉਣਾ ਹੈ।
ਕਾਪੀ ਇਸਦੀ ਸਾਫ਼-ਸੁਥਰੀ, ਤੇ ਪੜ੍ਹਨ ਵਿੱਚ ਉੱਤਮ ਰਹਿੰਦਾ,
ਕਲਾਸ ਦਾ ਹਰ ਇੱਕ ਬੱਚਾ ਇਸਨੂੰ, ਆਪਣਾ ਰੋਲ-ਮਾਡਲ ਕਹਿੰਦਾ।"
ਮਾਪੇ ਕਹਿੰਦੇ, "ਧੰਨਵਾਦ ਤੁਹਾਡਾ, ਤੁਸੀਂ ਇਹਨੂੰ ਚੰਗਾ ਰਾਹ ਵਿਖਾਇਆ,
ਕੋਰੀ ਕਾਗਜ਼ ਵਰਗੀ ਜ਼ਿੰਦੜੀ 'ਤੇ, ਗਿਆਨ ਦਾ ਅੱਖਰ ਪਾਇਆ।"
ਮਿਲਣੀ ਅੱਜ ਇਹ ਸਫ਼ਲ ਹੋਈ, ਜਦੋਂ ਮਿਹਨਤ ਰੰਗ ਲਿਆਈ,
ਗੁਰੂ ਤੇ ਚੇਲੇ ਦੀ ਜੋੜੀ ਨੇ, ਅੱਜ ਹਰ ਪਾਸੇ ਵਾਹ-ਵਾਹ ਕਰਵਾਈ।
ਸਿੱਖਿਆ ਦਾ ਇਹ ਦੀਵਾ ਬਾਲ ਕੇ, ਉੱਚੀਆਂ ਮੰਜ਼ਿਲਾਂ ਪਾਉਣੀਆਂ ਨੇ,
ਮਾਪਿਆਂ ਅਤੇ ਅਧਿਆਪਕਾਂ ਦੀਆਂ, ਅੱਜ ਸਭ ਰੀਝਾਂ ਪੂਰੀਆਂ ਹੋਣੀਆਂ ਨੇ।

ਪਰਮਜੀਤ ਕੌਰ
ਹੈਡਮਿਸਟ੍ਰੈਸ
ਸਰਕਾਰੀ ਹਾਈ ਸਕੂਲ ਥੂਹੀ



ਕਾਰਪੋਰੇਟ ਅਤੇ ਸਾਮਰਾਜਵਾਦ ਦੇ ਹਮਲੇ ਵਿਰੁੱਧ ਪੰਜਾਬੀਆਂ ਦੀ ਇੱਕਜੁੱਟਤਾ ਜ਼ਰੂਰੀ : ਕਰਨ ਸਿੰਘ ਰਾਣਾ

ਨਵਾਂਸ਼ਹਿਰ , 1 ਜੂਨ (ਜਤਿੰਦਰਪਾਲ ਸਿੰਘ ਕਲੇਰ) : ਪੰਜਾਬ ਅਤੇ ਦੇਸ਼ ਦੇ ਲੋਕਾਂ ਨੂੰ ਕਾਰਪੋਰੇਟ ਪੂੰਜੀਵਾਦ ਅਤੇ ਸਾਮਰਾਜਵਾਦ ਦੇ ਚੌਤਰਫ਼ੇ ਹਮਲੇ ਤੋਂ ਬਚਾਉਣ ਲਈ ਲੋਕਾਂ ਦੀ ਵਿਆਪਕ ਏਕਤਾ ਸਮੇਂ ਦੀ ਮੁੱਖ ਲੋੜ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ 'ਸਾਂਝਾ ਕਿਸਾਨ ਮਜ਼ਦੂਰ ਮੋਰਚਾ' (ਸਬੰਧਤ ਭਾਈ ਲਾਲੋ ਲੋਕ ਮੰਚ) ਦੇ ਜਨਰਲ ਸਕੱਤਰ ਸਾਥੀ ਕਰਨ ਸਿੰਘ ਰਾਣਾ ਨੇ ਅੱਜ ਇੱਥੇ ਪ੍ਰੈਸ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਕੀਤਾ। ਸਾਥੀ ਰਾਣਾ ਨੇ ਆਖਿਆ ਕਿ ਜੰਗੇ-ਆਜ਼ਾਦੀ ਦੇ ਸ਼ਹੀਦਾਂ ਅਤੇ ਕੁਰਬਾਨੀਆਂ ਕਰਨ ਵਾਲੇ ਸੂਰਬੀਰਾਂ ਦਾ ਮੁੱਖ ਨਿਸ਼ਾਨਾ ਇੱਕ ਅਜਿਹੇ ਚੰਗੇ ਮਨੁੱਖੀ ਸਮਾਜ ਦੀ ਸਿਰਜਣਾ ਕਰਨਾ ਸੀ, ਜਿੱਥੇ ਹਰ ਨਾਗਰਿਕ ਨੂੰ ਕੁੱਲੀ, ਗੁੱਲੀ, ਜੁੱਲੀ (ਮਕਾਨ, ਰੋਟੀ, ਕੱਪੜਾ), ਰੁਜ਼ਗਾਰ, ਮੁਫ਼ਤ ਵਿੱਦਿਆ, ਸਿਹਤ ਸੇਵਾਵਾਂ, ਸਨਮਾਨਜਨਕ ਜੀਵਨ ਅਤੇ ਸੁਰੱਖਿਆ ਹਾਸਲ ਹੋਵੇ। ਪਰ ਬੜੇ ਅਫ਼ਸੋਸ ਦੀ ਗੱਲ ਹੈ ਕਿ ਅੱਜ ਕੇਂਦਰ ਅਤੇ ਸੂਬਾ ਸਰਕਾਰਾਂ ਦੇ ਹਾਕਮ ਆਮ ਮਨੁੱਖ ਨੂੰ ਵਿਕਾਊ, ਭਿਖਾਰੀ, ਅਰਧ-ਅਨਪੜ੍ਹ ਅਤੇ ਆਗਿਆਕਾਰੀ ਗੁਲਾਮ ਬਣਾਉਣ ਲਈ ਆਪਣੀ ਪੂਰੀ ਵਾਹ ਲਾ ਰਹੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਸਭ ਦੇ ਪਿੱਛੇ ਕਾਰਪੋਰੇਟ ਦੀ ਉਹ ਪੂੰਜੀਵਾਦੀ ਵਿਚਾਰਧਾਰਾ ਕੰਮ ਕਰ ਰਹੀ ਹੈ, ਜੋ ਸਾਮਰਾਜਵਾਦ ਦੇ ਨਿਰਦੇਸ਼ਾਂ 'ਤੇ ਲੁੱਟ-ਖਸੁੱਟ ਦੀਆਂ ਨੀਤੀਆਂ ਨੂੰ ਲਾਗੂ ਕਰ ਰਹੀ ਹੈ। ਆਪਣੇ ਇਸ ਮਨੋਰਥ ਨੂੰ ਪੂਰਾ ਕਰਨ ਲਈ ਇਹ ਤਾਕਤਾਂ ਸਮਾਜ ਵਿੱਚ ਧਾਰਮਿਕ ਨਫ਼ਰਤ, ਅੰਧ-ਵਿਸ਼ਵਾਸ ਅਤੇ

ਡਰ ਦਾ ਮਾਹੌਲ ਪੈਦਾ ਕਰ ਰਹੀਆਂ ਹਨ ਅਤੇ ਗੈਰ-ਕਾਨੂੰਨੀ ਢੰਗ ਨਾਲ ਪੁਲਿਸ ਤੇ ਸਰਕਾਰੀ ਸੰਸਥਾਵਾਂ ਦੀ ਦੁਰਵਰਤੋਂ ਕਰ ਰਹੀਆਂ ਹਨ। ਸਾਥੀ ਕਰਨ ਸਿੰਘ ਰਾਣਾ ਨੇ ਕਿਹਾ ਕਿ ਦੇਸ਼ ਅਤੇ ਸੂਬੇ ਦੇ ਅਸਲ ਮੁੱਦੇ ਬੇਰੁਜ਼ਗਾਰੀ, ਮਹਿੰਗਾਈ, ਸਰਕਾਰੀ ਤੇ ਮੁਫ਼ਤ ਵਿੱਦਿਆ, ਸਿਹਤ ਸੇਵਾਵਾਂ, ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ, ਮਨੁੱਖੀ ਮਾਣ-ਸਨਮਾਨ ਅਤੇ ਕਾਨੂੰਨ ਦਾ ਰਾਜ ਹਨ। ਪ੍ਰੰਤੂ, ਕੇਂਦਰ ਤੇ ਸੂਬਾ ਸਰਕਾਰਾਂ ਇਹਨਾਂ ਬੁਨਿਆਦੀ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਭਟਕਾਉਣ ਲਈ ਗੈਰ-ਜ਼ਰੂਰੀ ਅਤੇ ਬੇਲੋੜੇ ਮੁੱਦਿਆਂ ਦਾ ਝੂਠਾ ਬਿਰਤਾਂਤ (ਨੈਰੇਟਿਵ) ਸਿਰਜ ਰਹੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਇਹਨਾਂ ਅਸਲ ਮੁੱਦਿਆਂ ਦੀ ਪ੍ਰਾਪਤੀ ਲਈ ਅੱਜ ਲੋਕ-ਹਿਤੈਸ਼ੀ ਧਿਰਾਂ—ਜਿਨ੍ਹਾਂ ਵਿੱਚ ਕਿਸਾਨ, ਮਜ਼ਦੂਰ ਅਤੇ ਮੁਲਾਜ਼ਮ ਸ਼ਾਮਲ ਹਨ—ਸੰਘਰਸ਼ ਦੇ ਮੈਦਾਨ ਵਿੱਚ ਡਟੀਆਂ ਹੋਈਆਂ ਹਨ। ਪਰ ਸਰਕਾਰਾਂ ਸੁਰੱਖਿਆ ਫੋਰਸਾਂ ਦੇ ਜ਼ੋਰ 'ਤੇ, ਡੰਡੇ ਦੀ ਵਰਤੋਂ ਕਰਕੇ ਅਤੇ ਡਰ ਪੈਦਾ ਕਰਕੇ ਇਹਨਾਂ ਅੰਦੋਲਨਾਂ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਸੰਵਿਧਾਨਕ ਅਤੇ ਕਾਨੂੰਨੀ ਤੌਰ 'ਤੇ ਹੱਕਾਂ ਦੀ ਲੜਾਈ ਲੜ ਰਹੇ ਲੋਕਾਂ 'ਤੇ ਗੈਰ-ਕਾਨੂੰਨੀ ਢੰਗ ਨਾਲ ਬੇਤਹਾਸ਼ਾ ਜਬਰ ਢਾਹਿਆ ਜਾ ਰਿਹਾ ਹੈ, ਜਿਸ ਵਿੱਚ ਮੀਡੀਆ ਦਾ ਇੱਕ ਵੱਡਾ ਹਿੱਸਾ ਅਤੇ ਰਾਜ ਪ੍ਰਬੰਧ ਦੇ ਉੱਚ ਅਧਿਕਾਰੀ ਵੀ ਪੂਰੀ ਤਰ੍ਹਾਂ ਸਰਕਾਰਾਂ ਨਾਲ ਮਿਲੇ ਹੋਏ ਹਨ। ਪ੍ਰੈਸ ਵਾਰਤਾ ਦੌਰਾਨ ਸਾਥੀ ਰਾਣਾ ਨੇ ਦੱਸਿਆ ਕਿ 'ਪਿੰਡ ਬਚਾਓ, ਪੰਜਾਬ ਬਚਾਓ ਮੰਚ' ਨੇ ਲੋਕ-ਹਿਤੈਸ਼ੀ ਚਿੰਤਕਾਂ ਨਾਲ ਮਿਲ ਕੇ ਲੋਕ ਮੁੱਦਿਆਂ, ਮੰਗਾਂ, ਫੈਡਰਲ ਢਾਂਚੇ ਦੀ ਮਜ਼ਬੂਤੀ ਅਤੇ ਸੰਵਿਧਾਨ ਦੀ ਰਾਖੀ ਲਈ ਸਮੂਹ ਪੰਜਾਬੀਆਂ ਨੂੰ ਇੱਕਮੁੱਠ ਹੋ ਕੇ ਸੰਘਰਸ਼ ਦੇ ਮੈਦਾਨ ਵਿੱਚ ਨਿੱਤਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਖ਼ੁਸ਼ੀ ਜ਼ਾਹਰ ਕਰਦਿਆਂ ਦੱਸਿਆ ਕਿ ਪੰਜਾਬ ਦੀਆਂ ਬਹੁਤੀਆਂ ਸਿਆਸੀ ਧਿਰਾਂ ਨੇ ਵੀ ਮੰਚ ਵੱਲੋਂ ਪੇਸ਼ ਕੀਤੇ ਗਏ 'ਸੰਕਲਪ ਪੱਤਰ' ਨਾਲ ਸਹਿਮਤੀ ਪ੍ਰਗਟਾਈ ਹੈ ਅਤੇ ਮੂਹਰੇ ਹੋ ਕੇ ਕੁਰਬਾਨੀ ਦੇਣ ਤੇ ਸੰਘਰਸ਼ ਲੜਨ ਦਾ ਭਰੋਸਾ ਦਿੱਤਾ ਹੈ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਾਡੇ ਦੇਸ਼ ਦੇ ਸੰਵਿਧਾਨ ਅੰਦਰ ਜੰਗੇ-ਆਜ਼ਾਦੀ ਦੇ ਸ਼ਹੀਦਾਂ, ਗਦਰੀ ਬਾਬਿਆਂ, ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਬੱਬਰ ਅਕਾਲੀਆਂ ਦੀ ਰੂਹ ਵੱਸਦੀ ਹੈ। ਇਸ ਲਈ ਸਮੂਹ ਪੰਜਾਬੀਆਂ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਦੇਸ਼ ਦੇ ਸੰਵਿਧਾਨ ਦੀ ਰਾਖੀ ਅਤੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਹਰ ਕਿਸਮ ਦੇ ਵਖਰੇਵੇਂ ਭੁਲਾ ਕੇ ਇੱਕਮੁੱਠ ਹੋਣ।

ਡਿਪਟੀ ਸਪੀਕਰ ਸ.ਜੈ ਕ੍ਰਿਸ਼ਨ ਸਿੰਘ ਰੌੜੀ ਦੀ ਪਹਿਲ: ਗੜ੍ਹਸ਼ੰਕਰ ਵਿੱਚ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤ ਕਰਨ ਲਈ ਸੀਨੀਅਰ ਮੈਡੀਕਲ ਅਫਸਰਾਂ ਨਾਲ ਵਿਸ਼ੇਸ਼ ਮੀਟਿੰਗ

ਗੜ੍ਹਸ਼ੰਕਰ, 1 ਜੂਨ: (ਬਲਵੀਰ ਚੌਪੜਾ)ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ, ਹਲਕਾ ਵਿਧਾਇਕ ਗੜ੍ਹਸ਼ੰਕਰ ਸ.ਜੈ ਕ੍ਰਿਸ਼ਨ ਸਿੰਘ ਰੌੜੀ ਦੀਆਂ ਸਿਹਤ ਸੇਵਾਵਾਂ ਨੂੰ ਹੋਰ ਬਿਹਤਰ ਬਣਾਉਣ ਦੇ ਉਦੇਸ਼ ਨਾਲ ਸੀਨੀਅਰ ਮੈਡੀਕਲ ਅਫਸਰਾਂ ਨਾਲ ਵਿਸ਼ੇਸ਼ ਸਮੀਖਿਆ ਮੀਟਿੰਗ ਕਰਕੇ ਲੋਕ ਭਲਾਈ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ। ਮੀਟਿੰਗ ਦੌਰਾਨ ਡਿਪਟੀ ਸਪੀਕਰ ਰੌੜੀ ਨੇ ਸਪੱਸ਼ਟ ਕੀਤਾ ਕਿ ਹਲਕੇ ਦੇ ਹਰ ਨਾਗਰਿਕ ਨੂੰ ਸਮੇਂ ਸਿਰ, ਮਿਆਰੀ ਅਤੇ ਸੁਵਿਧਾਜਨਕ ਸਿਹਤ ਸੇਵਾਵਾਂ ਮੁਹੱਈਆ ਕਰਵਾਉਣਾ ਉਨ੍ਹਾਂ ਦੀ ਪਹਿਲ ਹੈ। ਉਨ੍ਹਾਂ ਸਰਕਾਰੀ ਹਸਪਤਾਲਾਂ, ਸੀ.ਐੱਚ.ਸੀ., ਪੀ.ਐੱਚ.ਸੀ., ਸਬ ਸੈਂਟਰਾਂ ਅਤੇ ਆਮ ਆਦਮੀ ਕਲੀਨਿਕਾਂ ਦੀ ਕਾਰਗੁਜ਼ਾਰੀ ਦਾ ਵਿਸਥਾਰ ਨਾਲ ਜਾਇਜ਼ਾ ਲੈਂਦਿਆਂ ਮਰੀਜ਼ਾਂ ਨੂੰ ਬਿਨਾਂ ਕਿਸੇ ਮੁਸ਼ਕਲ ਦੇ ਇਲਾਜ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਰੌੜੀ ਨੇ ਡਾਕਟਰਾਂ ਦੀ ਉਪਲਬਧਤਾ, ਦਵਾਈਆਂ ਦੇ ਸਟਾਕ, ਐਮਰਜੈਂਸੀ ਸੇਵਾਵਾਂ, ਲੈਬ ਸਹੂਲਤਾਂ, ਮਾਤਾ-ਬਾਲ ਸਿਹਤ ਪ੍ਰੋਗਰਾਮਾਂ ਅਤੇ ਟੀਕਾਕਰਨ ਮੁਹਿੰਮਾਂ ਦੀ

ਸਮੀਖਿਆ ਕਰਦਿਆਂ ਅਧਿਕਾਰੀਆਂ ਨੂੰ ਸਫ਼ਾਈ, ਅਨੁਸ਼ਾਸਨ ਅਤੇ ਮਰੀਜ਼ਾਂ ਨਾਲ ਸੇਵਾ ਭਾਵਨਾ ਨਾਲ ਪੇਸ਼ ਆਉਣ ਲਈ ਵੀ ਕਿਹਾ। ਉਨ੍ਹਾਂ ਭਰੋਸਾ ਦਿੱਤਾ ਕਿ ਗੜ੍ਹਸ਼ੰਕਰ ਹਲਕੇ ਦੀਆਂ ਸਿਹਤ ਸੰਸਥਾਵਾਂ ਨਾਲ ਸਬੰਧਤ ਹਰ ਜਾਇਜ਼ ਮੰਗ ਨੂੰ ਪੰਜਾਬ ਸਰਕਾਰ ਦੇ ਧਿਆਨ ਵਿੱਚ ਲਿਆ ਕੇ ਪਹਿਲ ਦੇ ਆਧਾਰ 'ਤੇ ਹੱਲ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਲੋਕਾਂ ਦੀ ਸਿਹਤ ਨਾਲ ਜੁੜੇ ਮਾਮਲਿਆਂ 'ਤੇ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ ਅਤੇ ਸਰਕਾਰ ਹਰ ਨਾਗਰਿਕ ਤੱਕ ਗੁਣਵੱਤਾ ਭਰੀਆਂ ਸਿਹਤ ਸੇਵਾਵਾਂ ਪਹੁੰਚਾਉਣ ਲਈ ਵਚਨਬੱਧ ਹੈ।

ਪੰਜਾਬ ਸਰਕਾਰ ਨੇ ਹਜਾਰਾਂ ਮੁਲਾਜ਼ਮਾਂ ਦੇ ਹੱਕ 'ਚ ਲਿਆ ਇਤਿਹਾਸਕ ਫੈਸਲਾ : ਡਾ. ਰਾਜ ਕੁਮਾਰ ਚੱਬੇਵਾਲ

51 ਵਿਭਾਗਾਂ 'ਚ ਕੰਮ ਕਰ ਰਹੇ 65 ਹਜ਼ਾਰ ਤੋਂ ਵੱਧ ਕਰਮਚਾਰੀ ਇਸ ਫ਼ੈਸਲੇ ਦੇ ਦਾਇਰੇ 'ਚ ਆਉਣਗੇ

ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ) ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਅੱਜ ਕਿਹਾ ਕਿ ਪੰਜਾਬ ਮੰਤਰੀ ਮੰਡਲ ਵੱਲੋਂ ਸੂਬੇ ਦੇ 65 ਹਜ਼ਾਰ ਤੋਂ ਵੱਧ ਆਊਟਸੋਰਸ, ਠੇਕਾ, ਡੇਲੀ ਵੇਜ ਅਤੇ ਹੋਰ ਅਸਥਾਈ ਕਰਮਚਾਰੀਆਂ ਦੀ ਭਲਾਈ ਲਈ ਇਤਿਹਾਸਿਕ ਫ਼ੈਸਲਾ ਲਿਆ ਹੈ ਜੋ ਇਨ੍ਹਾਂ ਕਰਮਚਾਰੀਆਂ ਦੇ ਸੁਨਹਿਰੇ ਭਵਿੱਖ ਲਈ ਮੀਲ ਪੱਥਰ ਸਾਬਤ ਹੋਵੇਗਾ। ਪੰਜਾਬ ਸਰਕਾਰ ਦੇ ਫ਼ੈਸਲੇ ਦਾ ਸਵਾਗਤ ਕਰਦਿਆਂ ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਲੰਮੇ ਸਮੇਂ ਤੋਂ ਠੇਕੇਦਾਰੀ ਸਿਸਟਮ ਹੇਠ ਕੰਮ ਕਰ ਰਹੇ ਕਰਮਚਾਰੀਆਂ ਨੂੰ ਹੁਣ ਸਿੱਧੇ ਸਰਕਾਰੀ ਪ੍ਰਬੰਧ ਹੇਠ ਲਿਆਉਣ ਅਤੇ ਉਨ੍ਹਾਂ ਨੂੰ ਰੈਗੂਲਰ ਨੌਕਰੀਆਂ ਵੱਲ ਰਾਹ ਪ੍ਰਦਾਨ ਕਰਨ ਦੀ ਵੱਡੀ ਪਹਿਲਕਦਮੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਹਮੇਸ਼ਾ ਹੀ ਮੁਲਾਜ਼ਮਾਂ ਦੇ ਹਿੱਤਾਂ ਨੂੰ ਪਹਿਲ ਦਿੱਤੀ ਹੈ ਜਿਸ ਲੜੀ ਵਿੱਚ ਇਹ ਹਜ਼ਾਰਾਂ ਮੁਲਾਜ਼ਮਾਂ ਦੇ ਭਵਿੱਖ ਨੂੰ ਸੁਰੱਖਿਅਤ ਅਤੇ ਮਜ਼ਬੂਤ ਕਰਨ ਵੱਲ ਕਦਮ ਹੈ। ਉਨ੍ਹਾਂ ਕਿਹਾ ਕਿ ਕੈਬਨਿਟ ਵੱਲੋਂ ਮੁਲਾਜ਼ਮਾਂ ਪੱਖੀ ਨਵੇਂ ਕਾਨੂੰਨਾਂ ਨੂੰ ਝੰਡੀ ਨਾਲ ਸਰਕਾਰ ਅਤੇ ਕਰਮਚਾਰੀਆਂ ਵਿਚਕਾਰ ਸਿੱਧਾ ਰਾਬਤਾ ਹੋਵੇਗਾ ਅਤੇ ਠੇਕੇਦਾਰਾਂ ਦੀ ਭੂਮਿਕਾ ਖਤਮ ਹੋ ਜਾਵੇਗੀ ਜਿਸ ਨਾਲ ਆਊਟਸੋਰਸ, ਠੇਕਾ, ਡੇਲੀ ਵੇਜ ਅਤੇ ਹੋਰ ਅਸਥਾਈ

ਕਰਮਚਾਰੀਆਂ ਨੂੰ ਰੋਜ਼ਗਾਰ ਸੁਰੱਖਿਆ, ਮਾਣ-ਸਨਮਾਨ ਅਤੇ ਭਵਿੱਖ ਦੀ ਯਕੀਨੀਤਾ ਮਿਲੇਗੀ। ਲੋਕ ਸਭਾ ਮੈਂਬਰ ਡਾ. ਚੱਬੇਵਾਲ ਨੇ ਕਿਹਾ ਕਿ ਪੰਜਾਬ ਦੇ 51 ਵਿਭਾਗਾਂ ਵਿੱਚ ਕੰਮ ਕਰ ਰਹੇ 65,048 ਕਰਮਚਾਰੀ ਇਸ ਨੀਤੀ ਦੇ ਦਾਇਰੇ ਵਿੱਚ ਆਉਣਗੇ, ਜਦਕਿ 26 ਹਜ਼ਾਰ ਤੋਂ ਵੱਧ ਕਰਮਚਾਰੀ ਪਹਿਲੇ ਪੜਾਅ ਵਿੱਚ ਇਸ ਦਾ ਸਿੱਧਾ ਲਾਭ ਪ੍ਰਾਪਤ ਕਰਨਗੇ। ਜ਼ਿਕਰਯੋਗ ਹੈ ਕਿ ਬਿਜਲੀ, ਸਥਾਨਕ ਸਰਕਾਰਾਂ, ਸਿੱਖਿਆ, ਟਰਾਂਸਪੋਰਟ, ਸਿਹਤ, ਜਲ ਸਪਲਾਈ, ਖੇਤੀਬਾੜੀ ਅਤੇ ਹੋਰ ਅਹਿਮ ਵਿਭਾਗਾਂ ਵਿੱਚ ਸੇਵਾਵਾਂ ਨਿਭਾ ਰਹੇ ਕਰਮਚਾਰੀਆਂ ਲਈ ਇਹ ਫੈਸਲਾ ਨਵੀਂ ਉਮੀਦ ਲੈ ਕੇ ਆਇਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਖਤਰਨਾਕ ਹਾਲਾਤਾਂ ਵਿੱਚ ਕੰਮ ਕਰਨ ਵਾਲੇ ਫਾਇਰ ਕਰਮਚਾਰੀਆਂ, ਲਾਈਨਮੈਨਾਂ, ਸੀਵਰ ਕਰਮਚਾਰੀਆਂ ਅਤੇ ਸਫਾਈ ਸੇਵਕਾਂ ਲਈ ਵਿਸ਼ੇਸ਼ ਪ੍ਰਬੰਧ ਕਰਦਿਆਂ ਤਿੰਨ ਸਾਲ ਦੀ ਸੇਵਾ ਉਪਰੰਤ ਯੋਗਤਾ ਦੇਣ ਦਾ ਫੈਸਲਾ ਉਨ੍ਹਾਂ ਦੇ ਯੋਗਦਾਨ ਦਾ ਸਨਮਾਨ ਹੈ ਜੋ ਇਨ੍ਹਾਂ ਵਰਗਾਂ ਨੂੰ ਵੱਡੀ ਰਾਹਤ ਦੇਵੇਗੀ। ਉਨ੍ਹਾਂ ਨੇ ਕੈਬਨਿਟ ਵੱਲੋਂ ਡੀ.ਏ., ਪੈਨਸ਼ਨ ਅਤੇ ਤਨਖਾਹਾਂ ਦੇ ਬਕਾਏ ਸਬੰਧੀ ਮੰਤਰੀ ਮੰਡਲ ਦੀ ਸਬ-ਕਮੇਟੀ ਦੇ ਪੁਨਰਗਠਨ ਨੂੰ ਵੀ ਮੁਲਾਜ਼ਮ ਪੱਖੀ ਕਦਮ ਦੱਸਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਕਰਮਚਾਰੀਆਂ ਦੀਆਂ ਲੰਬੇ ਸਮੇਂ ਤੋਂ ਚੱਲੀਆਂ ਆ ਰਹੀਆਂ ਮੰਗਾਂ ਦੇ ਹੱਲ ਲਈ ਪੂਰੀ ਸੁਹਿਰਦਤਾ ਨਾਲ ਕੰਮ ਕਰ ਰਹੀ ਹੈ । ਉਨ੍ਹਾਂ ਭ੍ਰਿਸ਼ਟਾਚਾਰ ਦੇ ਮਾਮਲਿਆਂ ਦੀ ਤੇਜ਼ ਸੁਣਵਾਈ ਲਈ ਸੂਬੇ ਵਿੱਚ 7 ਵਿਸ਼ੇਸ਼ ਅਦਾਲਤਾਂ ਸਥਾਪਤ ਕਰਨ ਦੇ ਫੈਸਲੇ ਦੀ ਵੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਸ ਨਾਲ ਭ੍ਰਿਸ਼ਟਾਚਾਰ ਵਿਰੁੱਧ ਲੜਾਈ ਨੂੰ ਹੋਰ ਬਲ ਮਿਲੇਗਾ ਅਤੇ ਦੋਸ਼ੀਆਂ ਨੂੰ ਜਲਦੀ ਸਜ਼ਾ ਮਿਲ ਸਕੇਗੀ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰਨ ਲਈ ਵਚਨਬੱਧ ਹੈ ਅਤੇ ਇਹ ਫੈਸਲੇ ਪੰਜਾਬ ਵਿੱਚ ਸੁਸ਼ਾਸਨ, ਪਾਰਦਰਸ਼ਤਾ ਅਤੇ ਕਰਮਚਾਰੀ ਭਲਾਈ ਦੇ ਨਵੇਂ ਅਧਿਆਇ ਦੀ ਸ਼ੁਰੂਆਤ ਕਰਨਗੇ। ਇਸੇ ਤਰ੍ਹਾਂ 'ਪੰਜਾਬ ਰਾਜ ਆਊਟਸੋਰਸਡ ਪਰਸੋਨਲ (ਟਰਾਂਜਿਸ਼ਨ ਟੂ ਕੰਟਰੈਕਟੂਅਲ ਇੰਗੇਜਮੈਂਟ) ਬਿੱਲ, 2026' ਤਹਿਤ ਆਊਟਸੋਰਸਡ ਗਰੁੱਪ-ਸੀ ਅਤੇ ਗਰੁੱਪ-ਡੀ ਦੇ ਕਰਮਚਾਰੀਆਂ ਜਿਨ੍ਹਾਂ ਨੇ ਪੰਜ ਸਾਲ ਦੀ ਨਿਰੰਤਰ ਸੇਵਾ ਪੂਰੀ ਕਰ ਲਈ ਹੈ, ਨੂੰ ਸਿੱਧੇ ਸਰਕਾਰੀ ਠੇਕੇ 'ਤੇ ਰੋਜ਼ਗਾਰ ਅਧੀਨ ਲਿਆ ਜਾਵੇਗਾ। ਜ਼ੋਖ਼ਮ ਵਾਲੀਆਂ ਸ਼੍ਰੇਣੀਆਂ 'ਚ ਕੰਮ ਕਰਨ ਵਾਲੇ ਕਰਮਚਾਰੀ ਤਿੰਨ ਸਾਲ ਦੀ ਸੇਵਾ ਪੂਰੀ ਕਰਨ ਤੋਂ ਬਾਅਦ ਯੋਗ ਹੋ ਜਾਣਗੇ।

ਸਮਾਜ ਵਿੱਚ ਬਦਲਾਅ ਲਈ ਮੰਚ 'ਤੇ ਆਪਣੀ ਗੱਲ ਕਹਿ ਸਕਣਾ ਜ਼ਰੂਰੀ : ਰਣਵੀਰ ਚੇਚੀ

ਬਲਾਚੌਰ , 1 ਜੂਨ (ਜਤਿੰਦਰ ਪਾਲ ਸਿੰਘ ਕਲੇਰ) : ਜ਼ਿੰਦਗੀ ਵਿੱਚ ਬਦਲਾਅ ਦੇਖਣਾ ਚਾਹੁੰਦੇ ਹੋ ਤਾਂ ਆਪਣੀ ਗੱਲ ਨੂੰ ਸਭ ਦੇ ਸਾਹਮਣੇ ਰੱਖਣਾ ਜ਼ਰੂਰੀ ਹੈ। ਕਈ ਲੋਕ ਸਭ ਕੁਝ ਚਾਹੁਣ ਦੇ ਬਾਵਜੂਦ ਵੀ ਆਪਣੀ ਗੱਲ ਨੂੰ ਕਿਸੇ ਦੇ ਸਾਹਮਣੇ ਰੱਖ ਨਹੀਂ ਪਾ ਰਹੇ ਹਨ, ਉਨ੍ਹਾਂ ਲਈ ਇੱਕ 'ਪੰਜਾਬ ਪਰਿਵਰਤਨ ਯਾਤਰਾ' ਸੰਸਥਾ ਦਾ ਗਠਨ ਕੀਤਾ ਗਿਆ ਹੈ। ਜਿਸ ਦੇ ਮੁਖੀ ਰਣਵੀਰ ਚੇਚੀ ਮਾਲੇਵਾਲ ਕੋਹਲੀ ਹਨ, ਉਨ੍ਹਾਂ ਵੱਲੋਂ ਅੱਜ ਇੱਕ ਵਿਸ਼ਾਲ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸੰਸਥਾ ਨਾਲ ਕੁਝ ਬੁੱਧੀਜੀਵੀਆਂ ਨੂੰ ਜੋੜਿਆਂ ਗਿਆ, ਜਿਸ ਵਿੱਚ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਹੁਸ਼ਿਆਰਪੁਰ, ਜਲੰਧਰ ਖੰਨਾ,ਬਟਾਲਾ ਮੋਗਾ, ਦਸੂਹਾ,

ਬਿਆਸ ਆਦਿ ਹੋਰਨਾਂ ਸ਼ਹਿਰਾਂ ਤੋਂ ਆ ਕੇ ਲੋਕਾਂ ਨੇ ਹਿੱਸਾ ਲਿਆ। ਜਿਨ੍ਹਾਂ ਵਿੱਚ ਪੇਸ਼ੇ ਤੋਂ ਡਾਕਟਰ, ਦੁਕਾਨਦਾਰ, ਕਿਸਾਨ, ਬਿਜਲੀ ਬੋਰਡ ਦੇ ਕਰਮਚਾਰੀ ਅਤੇ ਲੇਖਕ ਆਦਿ ਸ਼ਾਮਲ ਸਨ।ਮੁੱਖ ਤੌਰ 'ਤੇ

ਰਣਵੀਰ ਚੇਚੀ ਨੇ ਕਹਾ ਕਿ ਸਮਾਜ ਵਿੱਚ ਜੇਕਰ ਅਸੀਂ ਬਦਲਾਅ ਦੇਖਣਾ ਚਾਹੁੰਦੇ ਹਾਂ ਤਾਂ ਸਾਨੂੰ ਸਟੇਜ 'ਤੇ ਆਪਣੀ ਗੱਲ ਨੂੰ ਰੱਖਣ ਦਾ ਯਤਨ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਸੈਣੀ ਪੈਲੇਸ ਭੱਦੀ ਰੋਡ ਬਲਾਚੌਰ ਵਿਖੇ ਆਯੋਜਿਤ ਇਸ ਪ੍ਰੋਗਰਾਮ ਵਿੱਚ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਆਪਣੇ ਬੱਚਿਆਂ ਨੂੰ ਸਕੂਲ ਪੱਧਰ 'ਤੇ ਵੀ ਸਟੇਜ 'ਤੇ ਬੋਲਣਾ ਸਿਖਾਓ। ਇਸ ਪ੍ਰੋਗਰਾਮ ਵਿੱਚ ਵੱਖ-ਵੱਖ ਸ਼ਹਿਰਾਂ ਤੋਂ ਆਏ ਲੋਕਾਂ ਨੇ ਆਪਣੇ ਵਿਚਾਰ ਰੱਖੇ ਅਤੇ ਰਣਵੀਰ ਚੇਚੀ ਦੀ ਇਸ 'ਪੰਜਾਬ ਪਰਿਵਰਤਨ ਯਾਤਰਾ' ਸੰਸਥਾ ਦੀ ਸ਼ਲਾਘਾ ਕੀਤੀ ਅਤੇ ਪੂਰਾ ਸਹਿਯੋਗ ਦੇਣ ਲਈ ਕਿਹਾ।

ਇਸ ਮੌਕੇ ਮਾਲਵਾ, ਦੋਆਬਾ, ਮਾਝਾ ਖੇਤਰ ਤੋਂ ਆਏ ਬੁੱਧੀਜੀਵੀਆਂ ਵੱਲੋਂ ਰਣਵੀਰ ਚੇਚੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਸ਼ਾਮਲ ਹੋਏ ਕਈ ਬੁੱਧੀਜੀਵੀਆਂ ਵਿੱਚ ਇੰਸਪੈਕਟਰ ਰਾਜ ਖਟਾਣਾ, ਡੀ.ਐੱਸ.ਪੀ. ਸਤਨਾਮ ਸਿੰਘ, ਰਮਨ ਨੰਦਲਾਲ, ਰਾਜਿੰਦਰ ਭੁੰਬਲਾ , ਰਵਿੰਦਰ ਮੂਬਲਾ, ਸਤਪਾਲ ਮੂਬਲਾ, ਤੇਜਿੰਦਰ ਸਿੰਘ ਜ਼ੈਲਦਾਰ, ਅਮਰਜੀਤ ਧੀਮਾਨ, ਸੁਰਜੀਤ ਸਿੰਘ , ਭਾਜਪਾ ਆਗੂ ਪ੍ਰਵੀਨ ਪੁਰੀ ਸਮੇਤ ਸ਼ਹਿਰ ਦੇ ਕਈ ਨਗਰ ਕੌਂਸਲ ਮੈਂਬਰ, ਪੰਚ/ਸਰਪੰਚ, ਨੰਬਰਦਾਰ ਆਦਿ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਏ।

ਅੱਜ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਦੇ ਬਲਾਕ ਸੜੋਆ ਦੀ ਮੀਟਿੰਗ ਹੋਈ

ਸੜੋਆ 1 ਜੂਨ (ਚਰਨਜੀਤ ਸੱਲ੍ਹਾ)1.6.2026 ਅੱਜ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ ਨੰਬਰ 295 ਬਲਾਕ ਸੜੋਆ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਡਾਕਟਰ ਜਸਵੀਰ ਸਿੰਘ ਗੜ੍ਹੀ ਦੀ ਪ੍ਰਧਾਨਗੀ ਹੇਠ ਹੋਈ ਇਹ ਮੀਟਿੰਗ ਜਥੇਬੰਦੀ ਦੀ 30ਵੀ ਵਰੇਗੰਡ ਨੂੰ ਸਮਰਪਿਤ ਕੀਤੀ ਗਈ ਅਤੇ ਜਥੇਬੰਦੀ ਨੂੰ ਆ ਰਹੀਆਂ ਮੁਸਕਲਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਮੈਡੀਕਲ ਪ੍ਰੈਕਟੀਸ਼ਨਰਾ ਨੂੰ ਆਪਣੇ ਕਿੱਤੇ ਨੂੰ ਬਚਾਉਣ ਸੰਘਰਸ਼ ਕਰਦਿਆਂ ਬਹੁਤ ਲੰਮਾ ਸਮਾਂ ਹੋ ਗਿਆ ਹੈ ਪਰ ਅੱਜ ਤੱਕ ਕਿਸੇ ਵੀ ਸਰਕਾਰ ਨੇ ਮੈਡੀਕਲ ਪ੍ਰੈਕਟੀਸ਼ਨਰਜ਼ ਦੇ ਮਸਲੇ ਨੂੰ ਹੱਲ ਨਹੀਂ ਕੀਤਾ ਸਗੋਂ ਝੂਠੇ ਲਾਰਿਆਂ ਦੇ ਨਾਲ਼ ਮਸਲੇ ਨੂੰ ਲਟਕਾ ਕੇ ਰੱਖਿਆ ਹੋਇਆ ਹੈ ਅਸੀਂ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਾਂ ਕਿ

ਸਾਡਾ ਮਸਲਾ ਜਲਦੀ ਤੋਂ ਜਲਦੀ ਹੱਲ ਕੀਤਾ ਜਾਵੇ ਇਸ ਦੌਰਾਨ ਹਾਜ਼ਰ ਹੋਏ ਡਾਕਟਰ ਜੋਗ ਰਾਜ ਡਾਕਟਰ ਗੁਰਦੇਵ ਸਿੰਘ ਡਾਕਟਰ ਹਰਮੇਸ਼ ਲਾਲ ਡਾਕਟਰ ਲਖਵੀਰ ਸਿੰਘ ਡਾਕਟਰ ਰਾਕੇਸ਼ ਕੁਮਾਰ ਡਾਕਟਰ ਜਗਜੀਵਨ ਰਾਮ ਡਾਕਟਰ ਸ਼ੇਰ ਸਿੰਘ ਡਾਕਟਰ ਪ੍ਰੇਮ ਕੁਮਾਰ ਡਾਕਟਰ ਲਲਿਤ ਕੁਮਾਰ ਡਾਕਟਰ ਹੈਪੀ ਡਾਕਟਰ ਸੁਰਿੰਦਰ ਪਾਲ ਡਾਕਟਰ ਜਗਤਾਰ ਸਿੰਘ ਡਾਕਟਰ ਨਿਰਮਲ ਸਿੰਘ ਪ੍ਰੈਸ ਸਕੱਤਰ ਡਾਕਟਰ ਬਲਵੀਰ ਮਾਨ ਆਦਿ ਹਾਜ਼ਰ ਸਨ 9417175640 ਵੱਟਸਐਪ ਨੰਬਰ 9878560136

ਸਤਿਗੁਰ ਕਬੀਰ ਸਾਹਿਬ ਦੀ ਬਾਣੀ ਮਨੁੱਖਤਾ ਦੀ ਸੇਵਾ ਕਰਨੀ ਦੱਸਦੀ ਹੈ : ਡਾ ਅੰਮ੍ਰਿਤ ਲਾਲ ਫਰਾਲਾ

ਬੰਗਾ(ਚਰਨਜੀਤ ਸੱਲ੍ਹਾ) ਮੈਡੀਕਲ ਪ੍ਰੈਕਟੀਸਨਰ ਅਈਸੋਸੇਨ (295)ਪੰਜਾਬ ਦੇ ਬਲਾਕ ਬੰਗਾ ਦੀ ਮੀਟਿੰਗ ਬੰਗਾ ਵਿਖੇ ਬਲਾਕ ਪ੍ਰਧਾਨ ਡਾ ਅੰਮਿਤ ਲਾਲ ਰਾਣਾ ਜੀ ਦੀ ਪ੍ਰਧਾਨਗੀ ਹੇਠ ਬੰਗਾ ਵਿਖੇ ਹੋਈ ਜਿਸ ਵਿੱਚ ਵੱਖ ਵੱਖ ਵਿਚਾਰ ਵਿਟਾਦਰਾ ਕੀਤਾ ਗਿਆ ਤੇ ਪੰਜਾਬ ਸਰਕਾਰ ਨੂੰ ਆਪਣੀਆਂ ਮੰਗਾ ਨੂੰ ਮੰਨਣ ਦੀ ਪ੍ਰਜੋਰ ਅਪੀਲ ਕੀਤੀ ਤੇ ਮੰਗਾ ਨਾ ਮੰਨਣ ਤੇ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਗਿਆ । ਅੱਜ ਦੀ ਮੀਟਿੰਗ ਸਤਿਗੁਰੂ ਕਬੀਰ ਸਾਹਿਬ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਕੀਤੀ ਗਈ ਅਤੇ ਉਨ੍ਹਾਂ ਦੇ ਕਹੇਂ ਅਨੁਸਾਰ ਮਨੁੱਖਤਾ ਦੀ ਸੇਵਾ ਹੀ ਸਭ ਤੋਂ ਉੱਤਮ ਹੈ ਉਨ੍ਹਾਂ ਕਿਹਾ ਸੀ ਕਿ

ਅੱਵਲ ਅੱਲਾ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕਉਨ ਮੰਦੇ ।ਅੱਜ ਦੀ ਮੀਟਿੰਗ ਵਿੱਚ ਬਲਾਕ ਪ੍ਰਧਾਨ ਡਾ ਅੰਮਿਤ ਲਾਲ ਰਾਣਾ ਡਾ ਲੇਖ ਰਾਜ ਡਾ ਸੀਤਾ ਰਾਮ ਡਾ ਧਰਮ ਪਾਲ ਬੱਗਾ ਡਾ ਮੰਗਾ ਝਿੱਕਾ ਡਾ ਰਤਨ ਸਿੰਘ ਡਾ ਰਣਜੀਤ ਲਾਡੀ ਡਾ ਗੁਰਨਾਮ ਸਿੰਘ ਡਾ ਗੁਰਮੇਲ ਸਿੰਘ ਡਾ ਅਸੋਕ ਗਾਬਾ ਡਾ ਚਰਨਜੀਤ ਸਿੰਘ ਡਾ ਨਰਿੰਦਰ ਸਿੰਘ ਡਾ ਡਾ ਜਸਪਾਲ ਕੋਰ ਡਾ ਗੀਤਾ ਆਦਿ ਸਾਥੀ ਹਾਜਰ ਹੋਏ।

ਸਸਟੋ ਬਾਲ ਐਸੋਸੀਏਸ਼ਨ ਪੰਜਾਬ ਅਤੇ ਨਸ਼ਾ ਮੁਕਤੀ ਕੇਂਦਰ ਵਲੋਂ ਜੇਤੂ ਖਿਡਾਰੀਆਂ ਨੂੰ ਵਿੱਤ ਮੰਤਰੀ ਚੀਮਾ ਨੇ ਸਨਮਾਨਿਤ ਕੀਤਾ

ਦਿੜ੍ਹਬਾ ਮੰਡੀ, 01 ਜੂਨ (ਹਰਜਿੰਦਰ ਪਾਲ ਛਾਬੜਾ)

ਪੰਜਾਬ ਸਰਕਾਰ ਖੇਡਾਂ ਨੂੰ ਪ੍ਰਫੁੱਲਿਤ ਕਰਨ ਲਈ ਹਰ ਤਰ੍ਹਾਂ ਦੇ ਉਪਰਾਲੇ ਕਰ ਰਹੀ ਹੈ । ਵੱਡੇ ਪੱਧਰ ਉਤੇ ਖੇਡ ਸਟੇਡੀਅਮ ਉਸਾਰੇ ਜਾ ਰਹੇ ਹਨ । ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਅੱਜ ਪੰਜਾਬ ਖੇਡਾਂ ਦੇ ਖੇਤਰ ਵਿੱਚ ਲਗਾਤਾਰ ਅੱਗੇ ਵਧ ਰਿਹਾ ਹੈ । ਇਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਅੱਜ ਦਿੜ੍ਹਬਾ ਵਿਖੇ ਪੰਜਾਬ ਦੇ ਵਿਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਸਸਟੋਬਾਲ ਦੇ ਸਬ ਜੂਨੀਅਰ ਉਪ ਜੇਤੂ ਖਿਡਾਰੀਆ ਨੂੰ ਸਨਮਾਨਿਤ ਕਰਨ ਉਪਰੰਤ ਕੀਤਾ । ਇਸ ਮੌਕੇ ਸਸਟੋ ਬਾਲ ਐਸੋਸੀਏਸ਼ਨ ਵੈੱਲਫੇਅਰ ਪੰਜਾਬ ਅਤੇ ਦੀਪ ਨਸ਼ਾ ਮੁਕਤੀ ਕੇਂਦਰ ਦਿੜ੍ਹਬਾ ਨੇ ਪ੍ਰੋਗਰਾਮ ਨੂੰ ਕਰਵਾਇਆ ।ਇਸ ਮੌਕੇ ਆਲ ਇੰਡੀਆ ਪ੍ਰਧਾਨ ਬਲਵਿੰਦਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਅਸੀ ਪੰਜਾਬ ਵਿੱਚ ਚਾਰ ਸੀਨੀਅਰ ਨੈਸ਼ਨਲ

ਮੁੰਡੇ ਕੁੜੀਆਂ ਦੇ ਟੂਰਨਾਮੈਂਟ ਕਰਵਾ ਚੁੱਕੇ ਹਾਂ । ਇਸ ਨਾਲ ਹੀ ਬੰਗਲੌਰ ਵਿਖੇ ਵਿਸ਼ਵ ਕੱਪ ਅਤੇ ਯੂ ਪੀ , ਹੈਦਰਾਬਾਦ ਅਤੇ ਹੋਰਨਾਂ ਰਾਜਾ ਵਿੱਚ ਟੂਰਨਾਮੈਂਟ ਕਰਵਾਏ ਹਨ । ਇਸ ਮੌਕੇ ਸ੍ਰ ਤਪਿੰਦਰ ਸਿੰਘ ਸੋਹੀ ਓ ਐੱਸ ਡੀ ਵਿੱਤ ਮੰਤਰੀ ਪੰਜਾਬ, ਹਰਵਿੰਦਰ ਸਿੰਘ ਕਾਲਾ ਪੰਜਾਬ ਪ੍ਰਧਾਨ, ਡਾ ਮੱਘਰ ਸਿੰਘ ਸਿਹਾਲ ਵਾਈਸ ਚੇਅਰਮੈਨ ਪੰਜਾਬ, ਸਤਪਾਲ ਸਿੰਘ ਖਡਿਆਲ ਪ੍ਰੈਸ ਸਕੱਤਰ, ਭੁਪਿੰਦਰ ਸਿੰਘ ਪਟਵਾਰੀ, ਕੋਚ ਹੈਰੀ, ਡਾ ਨਰਸੀ ਦਿੜ੍ਹਬਾ, ਡਾ ਸੰਜੀਵ ਗਰਗ, ਡਾ ਪ੍ਰਵੇਸ਼ ਗਰਗ, ਪ੍ਰਗਟ ਸਿੰਘ ਘੁਮਾਣ, ਰਾਮ ਕੁਮਾਰ ਰਾਮੂ ਐੱਮ ਸੀ, ਧਰਮਪਾਲ ਸ਼ਰਮਾ, ਹਰਵਿੰਦਰ ਸਿੰਘ ਛਾਜਲੀ ਮਾਰਕੀਟ ਚੇਅਰਮੈਨ, ਕੁਲਦੀਪ ਸਿੰਘ ਔਜਲਾ ਪ੍ਰਧਾਨ ਆੜਤੀਆਂ ਐਸੋ ਛਾਹੜ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ ।

ਅੰਬੇਡਕਰ ਮਿਸ਼ਨ ਸੁਸਾਇਟੀ ਐਸ ਆਈ ਆਰ ਤੇ ਕਰੇਗੀ ਸੈਮੀਨਾਰ

ਜਲੰਧਰ (ਸਮਾਜ ਵੀਕਲੀ): ਅੰਬੇਡਕਰ ਮਿਸ਼ਨ ਸੁਸਾਇਟੀ (ਰਜਿ.), ਪੰਜਾਬ ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਸੁਸਾਇਟੀ ਦੇ ਪ੍ਰਧਾਨ ਪ੍ਰੋਫੈਸਰ ਬਲਬੀਰ ਦੀ ਪ੍ਰਧਾਨਗੀ ਹੇਠ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ ਹੋਈ। ਮੀਟਿੰਗ ਵਿੱਚ ਦੇਸ਼ ਦੇ ਮੌਜੂਦਾ ਹਾਲਾਤਾਂ ਤੇ ਗਹਿਣ ਚਰਚਾ ਕੀਤੀ ਗਈ। ਚਰਚਾ ਵਿੱਚ ਪਾਇਆ ਗਿਆ ਕਿ ਦੇਸ਼ ਵਿੱਚ ਇਸ ਸਮੇਂ ਦੋ ਅਹਿਮ ਭਖਦੇ ਮੁੱਦੇ ਹਨ, ਐਸਆਈਆਰ ਅਤੇ ਜਨਗਣਨਾ, ਜੋ ਬਹੁਤ ਹੀ ਸੰਵੇਦਨਸ਼ੀਲ ਹਨ। ਸੁਸਾਇਟੀ ਨੇ ਐਸ ਆਈ ਆਰ ਬਾਰੇ ਸਮਾਜ ਨੂੰ ਜਾਣੂ ਕਰਾਉਣ ਲਈ 7 ਜੂਨ, 2026 ਨੂੰ ਇਸ ਵਿਸ਼ੇ ਤੇ ਇੱਕ ਸੈਮੀਨਾਰ ਕਰਨ ਦਾ ਫੈਸਲਾ ਕੀਤਾ ਹੈ। ਇਸ ਸੈਮੀਨਾਰ ਵਿੱਚ ਮੁੱਖ ਬੁਲਾਰੇ ਸੀਨੀਅਰ ਪੱਤਰਕਾਰ ਸਤਨਾਮ ਸਿੰਘ ਮਾਣਕ ਅਤੇ ਰਿਟਾ. ਪ੍ਰਿੰਸੀਪਾਲ ਡਾ. ਕੇ. ਐਸ. ਫੁੱਲ ਹੋਣਗੇ। ਇਸ ਮੌਕੇ ਡਾ. ਜੀ.ਸੀ. ਕੌਲ, ਬਲਦੇਵ ਰਾਜ ਭਾਰਦਵਾਜ, ਸੂਰਜ ਵਿਰਦੀ, ਐਡਵੋਕੇਟ ਹਰਭਜਨ ਸਾਂਪਲਾ, ਚਰਨ ਦਾਸ ਸੰਧੂ, ਤਿਲਕ ਰਾਜ, ਡਾ. ਕੇ. ਐਸ. ਫੁੱਲ, ਡਾ. ਮਹਿੰਦਰ ਸੰਧੂ, ਪਰਮਿੰਦਰ ਸਿੰਘ ਖੁਤਣ ,ਕਮਲ ਕੁਮਾਰ, ਮਨਜੀਤ ਸਿੰਘ ਅਤੇ ਪਸ਼ੋਰੀ ਲਾਲ ਸੰਧੂ ਹਾਜ਼ਰ ਸਨ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਰਾਹੀਂ ਦਿੱਤੀ।

ਅੰਬੇਡਕਰ ਮਿਸ਼ਨ ਸੁਸਾਇਟੀ ਦੇ ਆਗੂ ਮੀਡੀਆ ਨੂੰ ਜਾਣਕਾਰੀ ਪ੍ਰਦਾਨ ਕਰਦੇ ਹੋਏ।

ਬਲਦੇਵ ਰਾਜ ਭਾਰਦਵਾਜ
ਜਨਰਲ ਸਕੱਤਰ
ਅੰਬੇਡਕਰ ਮਿਸ਼ਨ ਸੁਸਾਇਟੀ

ਸ਼੍ਰੀ ਤਾਰਾ ਚੰਦ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ ਦੀਆਂ ਵਿਦਿਆਰਥਣਾਂ ਮੁੱਖ ਮੰਤਰੀ ਵੱਲੋਂ ਸਨਮਾਣਿਤ

ਭੀਖੀ,01 ਜੂਨ (ਕਮਲ ਜਿੰਦਲ) ਸ਼੍ਰੀ ਤਾਰਾ ਚੰਦ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ, ਭੀਖੀ ਲਈ ਇਹ ਬਹੁਤ ਹੀ ਮਾਣ ਵਾਲਾ ਪਲ ਸੀ ਜਦੋਂ ਸਕੂਲ ਦੀਆਂ ਦੋ ਹੋਣਹਾਰ ਵਿਦਿਆਰਥਣਾਂ ਵੰਸ਼ਿਕਾ ਅਤੇ ਜੋਬਨਪ੍ਰੀਤ ਕੌਰ ਨੂੰ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਵੱਲੋਂ ਸਨਮਾਨਿਤ ਕੀਤਾ ਗਿਆ। ਵੰਸ਼ਿਕਾ ਨੇ ਅੱਠਵੀਂ ਜਮਾਤ ਦੀ ਮੈਰਿਟ ਸੂਚੀ ਵਿੱਚ ਰਾਜ ਪੱਧਰ 'ਤੇ ਤੀਜਾ ਅਤੇ ਜ਼ਿਲ੍ਹਾ ਪੱਧਰ 'ਤੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦਕਿ ਜੋਬਨਪ੍ਰੀਤ ਕੌਰ ਨੇ ਰਾਜ ਪੱਧਰ 'ਤੇ ਛੇਵਾਂ ਅਤੇ ਜ਼ਿਲ੍ਹਾ ਪੱਧਰ 'ਤੇ ਦੂਜਾ ਸਥਾਨ ਹਾਸਲ ਕਰਕੇ ਸਕੂਲ, ਮਾਪਿਆਂ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ।

ਇਸ ਮੌਕੇ ਮੁੱਖ ਮੰਤਰੀ ਪੰਜਾਬ ਵੱਲੋਂ ਦੋਵਾਂ ਵਿਦਿਆਰਥਣਾਂ ਨੂੰ ਉਨ੍ਹਾਂ ਦੀ ਸ਼ਾਨਦਾਰ ਅਕਾਦਮਿਕ ਪ੍ਰਾਪਤੀ ਲਈ ਸਨਮਾਨਿਤ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ, ਸਟਾਫ ਅਤੇ ਮਾਪਿਆਂ ਨੇ ਵਿਦਿਆਰਥਣਾਂ ਦੀ ਇਸ ਉਪਲਬਧੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਉਨ੍ਹਾਂ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਸਕੂਲ ਪ੍ਰਬੰਧਕਾਂ ਨੇ ਕਿਹਾ ਕਿ ਇਹ ਸਫਲਤਾ ਹੋਰ ਵਿਦਿਆਰਥੀਆਂ ਲਈ ਵੀ ਪ੍ਰੇਰਣਾ ਦਾ ਸਰੋਤ ਬਣੇਗੀ ਅਤੇ ਉਹਨਾਂ ਨੂੰ ਉੱਚੇ ਟੀਚੇ ਹਾਸਲ ਕਰਨ ਲਈ ਉਤਸ਼ਾਹਿਤ ਕਰੇਗੀ।

ਕੇਂਦਰੀ ਵਿਦਿਆਲਿਆ ਖਾਨਪੁਰ ਦੇ ਕਰਮਚਾਰੀਆਂ ਨਾਲ ਹੋ ਰਹੇ ਕਥਿਤ ਧੱਕੇਸ਼ਾਹੀ ਭਰੇ ਵਿਵਹਾਰ ਦੀ ਨਿਰਪੱਖ ਜਾਂਚ ਹੋਵੇ - ਗੋਲਡੀ ਪਰਖਾਲੀ, ਗੁਰਮੁਖ ਸਿੰਘ ਢੋਲਣ ਮਾਜਰਾ

ਰੂਪਨਗਰ 1 ਜੂਨ(ਚਰਨਜੀਤ ਸੱਲ੍ਹਾ)ਬਹੁਜਨ ਸਮਾਜ ਪਾਰਟੀ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਗੋਲਡੀ ਪਰਖਾਲੀ ਅਤੇ ਸਮਾਜਿਕ ਆਗੂ ਗੁਰਮੁਖ ਸਿੰਘ ਢੋਲਣ ਮਾਜਰਾ ਨੇ ਕੇਂਦਰੀ ਵਿਦਿਆਲਿਆ ਖਾਨਪੁਰ ਦੇ ਸਕਿਉਰਟੀ ਗਾਰਡ ਬਲਵੀਰ ਸਿੰਘ ਵੱਲੋਂ ਡਿਪਟੀ ਕਮਿਸ਼ਨਰ ਰੂਪਨਗਰ ਨੂੰ ਦਿੱਤੀ ਗਈ ਸ਼ਿਕਾਇਤ ਦਾ ਗੰਭੀਰ ਨੋਟਿਸ ਲੈਂਦਿਆਂ ਮਾਮਲੇ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕਰਮਚਾਰੀ ਤੋਂ ਉਸ ਦੀ ਡਿਊਟੀ ਤੋਂ ਇਲਾਵਾ ਹੋਰ ਕੰਮ ਲਏ ਜਾ ਰਹੇ ਹਨ, ਉਸ ਨਾਲ ਅਪਮਾਨਜਨਕ ਵਿਵਹਾਰ ਕੀਤਾ ਜਾ ਰਿਹਾ ਹੈ ਜਾਂ ਬਿਨਾਂ ਕਿਸੇ ਕਾਨੂੰਨੀ ਪ੍ਰਕਿਰਿਆ ਦੇ ਨੌਕਰੀ ਤੋਂ ਹਟਾਉਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਤਾਂ ਇਹ ਮਜ਼ਦੂਰਾਂ ਅਤੇ ਕਰਮਚਾਰੀਆਂ ਦੇ ਹੱਕਾਂ ਦੀ ਉਲੰਘਣਾ ਹੈ।

ਗੋਲਡੀ ਪਰਖਾਲੀ ਅਤੇ ਗੁਰਮੁਖ ਸਿੰਘ ਢੋਲਣ ਮਾਜਰਾ ਨੇ ਕਿਹਾ ਕਿ ਜੇਕਰ ਸ਼ਿਕਾਇਤ ਵਿੱਚ ਲਗਾਏ ਗਏ ਜਾਤੀ ਅਤੇ ਧਾਰਮਿਕ ਆਧਾਰ 'ਤੇ ਟਿੱਪਣੀਆਂ ਕਰਨ ਦੇ ਦੋਸ਼ ਸਹੀ ਪਾਏ ਜਾਂਦੇ ਹਨ ਤਾਂ ਇਹ ਬਹੁਤ ਹੀ ਗੰਭੀਰ ਮਾਮਲਾ ਹੈ ਅਤੇ ਇਸ ਸਬੰਧੀ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।

ਉਨ੍ਹਾਂ ਡਿਪਟੀ ਕਮਿਸ਼ਨਰ ਰੂਪਨਗਰ ਨੂੰ ਅਪੀਲ ਕੀਤੀ ਕਿ ਮਾਮਲੇ ਦੀ ਉੱਚ ਪੱਧਰੀ ਅਤੇ ਨਿਰਪੱਖ ਜਾਂਚ ਕਰਵਾਈ ਜਾਵੇ, ਸ਼ਿਕਾਇਤਕਰਤਾ ਅਤੇ ਹੋਰ ਕਰਮਚਾਰੀਆਂ ਨੂੰ ਇਨਸਾਫ਼ ਦਿੱਤਾ ਜਾਵੇ ਅਤੇ ਸਾਰੇ ਕਰਮਚਾਰੀਆਂ ਲਈ ਸੁਰੱਖਿਅਤ, ਸਨਮਾਨਜਨਕ ਅਤੇ ਭੇਦਭਾਵ ਰਹਿਤ ਕਾਰਜ ਮਾਹੌਲ ਯਕੀਨੀ ਬਣਾਇਆ ਜਾਵੇ।ਉਨ੍ਹਾਂ ਕਿਹਾ ਕਿ ਕਿਸੇ ਵੀ ਸਰਕਾਰੀ ਜਾਂ ਵਿਦਿਅਕ ਸੰਸਥਾ ਵਿੱਚ ਕਰਮਚਾਰੀਆਂ ਦੀ ਇੱਜ਼ਤ ਅਤੇ ਸੰਵਿਧਾਨਕ ਅਧਿਕਾਰਾਂ ਦੀ ਰੱਖਿਆ ਕਰਨਾ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ ਅਤੇ ਇਸ ਮਾਮਲੇ ਵਿੱਚ ਵੀ ਨਿਰਪੱਖ ਜਾਂਚ ਰਾਹੀਂ ਸੱਚਾਈ ਸਾਹਮਣੇ ਲਿਆਂਦੀ ਜਾਣੀ ਚਾਹੀਦੀ ਹੈ।

ਲੈਕਚਰਾਰ ਗੁਰਦੀਪ ਸਿੰਘ ਨੂੰ ਸੇਵਾ ਮੁਕਤੀ ਮੌਕੇ ਦਿੱਤੀ ਗਈ ਨਿੱਘੀ ਵਿਦਾਇਗੀ ਪਾਰਟੀ

ਲੈਕਚਰਾਰ ਗੁਰਦੀਪ ਸਿੰਘ ਹਮੇਸ਼ਾ ਸਮੇਂ ਦੇ ਪਾਬੰਦ ਰਹੇ : ਪ੍ਰਿੰ: ਬਲਦੇਵ ਸਿੰਘ ਧੁੱਗਾ

ਹੁਸ਼ਿਆਰਪੁਰ 1 ਜੂਨ (ਤਰਸੇਮ ਦੀਵਾਨਾ)– ਲੈਕਚਰਾਰ ਗੁਰਦੀਪ ਸਿੰਘ ਨੂੰ ਸਕੂਲ ਸਿੱਖਿਆ ਵਿਭਾਗ ਪੰਜਾਬ 'ਚ 32 ਸਾਲ 2 ਮਹੀਨੇ ਅਤੇ 2 ਦਿਨ ਬੇਦਾਗ ਸੇਵਾ ਕਰਦੇ ਹੋਏ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਤਿਹਪੁਰ ਭੱਟਲਾਂ ਤੋਂ ਸੇਵਾ ਮੁਕਤ ਹੋਣ ਮੌਕੇ ਨਿੱਘੀ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਮੌਕੇ ਪ੍ਰਿੰਸੀਪਲ ਬਲਦੇਵ ਸਿੰਘ ਧੁੱਗਾ ਨੇ ਸਕੂਲ 'ਚ ਆਉਣ ਤੇ ਲੈਕਚਰਾਰ ਗੁਰਦੀਪ ਸਿੰਘ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦਾ ਨਿੱਘਾ ਸਵਾਗਤ ਕੀਤਾ। ਸੇਵਾ ਮੁਕਤੀ ਮੌਕੇ ਹੋਈ ਵਿਦਾਇਗੀ ਪਾਰਟੀ ਨੂੰ ਸੰਬੋਧਨ ਕਰਦੇ ਹੋਏ ਪ੍ਰਿੰਸੀਪਲ ਬਲਦੇਵ ਸਿੰਘ ਧੁੱਗਾ ਨੇ ਲੈਕਚਰਾਰ ਗੁਰਦੀਪ ਸਿੰਘ ਦੁਆਰਾ ਨਿਭਾਈਆਂ ਗਈਆਂ ਸੇਵਾਵਾਂ ਦੀ ਪ੍ਰਸ਼ੰਸਾ ਕੀਤੀ। ਉਹਨਾਂ ਕਿਹਾ ਕਿ ਲੈਕਚਰਾਰ ਗੁਰਦੀਪ ਸਿੰਘ ਹਮੇਸ਼ਾ ਸਮੇਂ ਦੇ ਪਾਬੰਦ ਰਹੇ ਅਤੇ ਉਹਨਾਂ ਦੁਆਰਾ ਪੜ੍ਹਾਏ ਗਏ ਵਿਦਿਆਰਥੀ ਸਮਾਜ ਵਿੱਚ ਵਧੀਆ ਸੇਵਾਵਾਂ ਨਿਭਾ ਰਹੇ ਹਨ। ਇਸ ਮੌਕੇ ਮਾਸਟਰ ਦਲਬੀਰ ਸਿੰਘ ਅਤੇ ਮਮਤਾ ਦੇਵੀ ਨੇ ਲੈਕਚਰਾਰ ਗੁਰਦੀਪ ਸਿੰਘ ਨੂੰ ਸੇਵਾ-ਮੁਕਤੀ ਦੀਆਂ ਮੁਬਾਰਕਾਂ ਦਿੰਦੇ ਹੋਏ, ਉਹਨਾਂ ਦੀ ਲੰਬੀ ਉਮਰ ਦੀ ਕਾਮਨਾ ਕੀਤੀ। ਇਸ ਮੌਕੇ ਸਕੂਲ ਦੀਆਂ ਵਿਦਿਆਰਥਣਾ ਨੇ ਰੰਗਾ-ਰੰਗ ਪ੍ਰੋਗਰਾਮ ਪੇਸ਼ ਕੀਤਾ। ਇਸ ਮੌਕੇ ਸਟੇਜ ਸਕੱਤਰ ਦੀ ਭੂਮਿਕਾ ਲੈਕਚਰਾਰ ਤਿਲਕ ਰਾਜ ਨੇ ਬਾਖੂਬੀ ਨਿਭਾਈ। ਇਸ ਮੌਕੇ ਲੈਕਚਰਾਰ ਜਸਵਿੰਦਰ ਸਿੰਘ ਸਹੋਤਾ, ਲੈਕਚਰਾਰ ਸੰਜੀਵ ਕੁਮਾਰ, ਲੈਕਚਰਾਰ ਅੰਮ੍ਰਿਤਪਾਲ ਸਿੰਘ, ਲੈਕਚਰਾਰ ਤਿਲਕ ਰਾਜ, ਅਨੂਪ ਸਿੰਘ, ਸਤਨਾਮ ਸਿੰਘ, ਦਵਿੰਦਰ ਸਿੰਘ, ਦਲਬੀਰ ਸਿੰਘ, ਨਵਨੀਤ ਸਿੰਘ, ਲਖਵੀਰ ਸਿੰਘ, ਦੇਵ ਦੱਤ ਸ਼ਰਮਾ, ਬਲਵੰਤ ਸਿੰਘ, ਮੁਕਿੰਦਰ ਸਿੰਘ, ਮੋਹਨ ਲਾਲ, ਰੋਜ਼ੀ ਸ਼ਰਮਾ, ਮਮਤਾ ਦੇਵੀ, ਨਰਿੰਦਰ ਕੌਰ, ਅਰਮਨਜੋਤ ਕੌਰ, ਸਵਿਤਾ, ਰਮਨੀਤ ਕੌਰ, ਸੁਮਨ ਬਾਲਾ, ਸੁਰਿੰਦਰ ਕੌਰ, ਜਸਵਿੰਦਰ ਕੌਰ ਅਤੇ ਨਸੀਬ ਚੰਦ ਅਤੇ ਸਮੂਹ ਵਿਦਿਆਰਥੀ ਹਾਜ਼ਰ ਸਨ।

ਫਗਵਾੜਾ ਦੇ ਹਦੀਆਬਾਦ ਵਿਖੇ ਬੁੱਧ ਪੂਰਨਿਮਾ ਅਤੇ ਸਤਿਗੁਰੂ ਕਬੀਰ ਜਯੰਤੀ ਨੂੰ ਸਮਰਪਿਤ ਵਿਸ਼ਾਲ ਕ੍ਰਾਂਤੀਕਾਰੀ ਸਮਾਗਮ ਕਰਵਾਇਆ ਗਿਆ

ਤਥਾਗਤ ਮਹਾਂਮਾਨਵ ਬੁੱਧ ਅਤੇ ਸਤਿਗੁਰੂ ਕਬੀਰ ਸਾਹਿਬ ਜੀ ਦੀ ਵਿਚਾਰਧਾਰਾ ਮਾਨਵਤਾਵਾਦ, ਸਮਾਨਤਾ ਅਤੇ ਭਾਈਚਾਰੇ ਦੀ ਪ੍ਰਤੀਕ ਹੈ – ਗੁਰਦਿਆਲ ਬੋਧ

ਫਗਵਾੜਾ (ਚਰਨਜੀਤ ਸੱਲ੍ਹਾਂ): ਡਾ. ਬੀ.ਆਰ. ਅੰਬੇਡਕਰ ਪਾਰਕ, ਨਕੋਦਰ ਰੋਡ, ਹਦੀਆਬਾਦ ਦੇ ਪਿਛਲੇ ਪਾਸੇ ਸਥਿਤ ਡਾ. ਬੀ.ਆਰ. ਅੰਬੇਡਕਰ ਕਮਿਊਨਿਟੀ ਹਾਲ ਵਿਖੇ ਬੁੱਧ ਪੂਰਨਿਮਾ, ਸਤਿਗੁਰੂ ਕਬੀਰ ਜਯੰਤੀ ਅਤੇ ਆਗਾਮੀ ਮਰਦਮ-ਸ਼ੁਮਾਰੀ ਸਬੰਧੀ ਜਾਗਰੂਕਤਾ ਨੂੰ ਸਮਰਪਿਤ ਇੱਕ ਵਿਸ਼ਾਲ, ਪ੍ਰਭਾਵਸ਼ਾਲੀ ਅਤੇ ਵਿਚਾਰਧਾਰਕ ਸਮਾਗਮ ਡਾ. ਬੀ.ਆਰ. ਅੰਬੇਡਕਰ ਵੈਲਫੇਅਰ ਸੋਸਾਇਟੀ ਵੱਲੋਂ ਚੇਅਰਮੈਨ ਸ੍ਰੀ ਰਮੇਸ਼ ਕੌਲ ਅਤੇ ਪ੍ਰਧਾਨ ਸ੍ਰੀਮਤੀ ਸੀਤਾ ਕੌਲ ਦੀ ਯੋਗ ਅਗਵਾਈ ਹੇਠ ਆਯੋਜਿਤ ਕੀਤਾ ਗਿਆ। ਸਮਾਗਮ ਦਾ ਉਦੇਸ਼ ਮਹਾਂਮਾਨਵ ਤਥਾਗਤ ਬੁੱਧ, ਸਤਿਗੁਰੂ ਕਬੀਰ ਸਾਹਿਬ ਅਤੇ ਬਾਬਾ ਸਾਹਿਬ ਡਾ. ਭੀਮਰਾਓ ਅੰਬੇਡਕਰ ਦੇ ਮਨੁੱਖਤਾਵਾਦੀ, ਸਮਤਾਵਾਦੀ ਅਤੇ ਵਿਗਿਆਨਕ ਵਿਚਾਰਾਂ ਨੂੰ ਲੋਕਾਂ ਤੱਕ ਪਹੁੰਚਾਉਣਾ ਸੀ। ਸਮਾਗਮ ਦੀ ਸ਼ੁਰੂਆਤ ਤਥਾਗਤ ਬੁੱਧ ਦੇ ਬੁੱਤ ਅੱਗੇ ਫੁੱਲ ਭੇਟ ਕਰਕੇ ਅਤੇ ਉਨ੍ਹਾਂ ਦੇ ਮਹਾਨ ਯੋਗਦਾਨ ਨੂੰ ਨਮਨ ਕਰਦਿਆਂ ਕੀਤੀ ਗਈ। ਇਸ ਉਪਰੰਤ ਭੰਤੇ ਰੈਵਤ ਜੀ ਨੇ ਤ੍ਰਿਸ਼ਰਨ, ਪੰਚਸ਼ੀਲ ਅਤੇ ਬੁੱਧ ਵੰਦਨਾ ਕਰਵਾਈ ਅਤੇ ਸਮਾਗਮ ਦਾ ਰਸਮੀ ਉਦਘਾਟਨ ਕੀਤਾ। ਉਨ੍ਹਾਂ ਆਪਣੇ ਸੰਖੇਪ ਸੰਬੋਧਨ ਵਿੱਚ ਧੰਮ ਦੇ ਮਾਰਗ 'ਤੇ ਚੱਲਣ, ਨੈਤਿਕ ਜੀਵਨ ਅਪਣਾਉਣ ਅਤੇ ਸਮਾਜ ਵਿੱਚ ਸ਼ਾਂਤੀ, ਕਰੁਣਾ ਅਤੇ ਸਦਭਾਵਨਾ ਨੂੰ ਮਜ਼ਬੂਤ ਕਰਨ ਦਾ ਸੰਦੇਸ਼ ਦਿੱਤਾ।

ਸਮਾਗਮ ਦੇ ਮੁੱਖ ਬੁਲਾਰੇ ਸ੍ਰੀ ਗੁਰਦਿਆਲ ਬੋਧ (ਯੂ.ਕੇ.) ਨੇ ਤਥਾਗਤ ਮਹਾਂਮਾਨਵ ਬੁੱਧ ਦੇ ਜੀਵਨ, ਉਨ੍ਹਾਂ ਦੇ ਧੰਮ, ਦਰਸ਼ਨ ਅਤੇ ਸਮਾਜਿਕ ਕ੍ਰਾਂਤੀਕਾਰੀ ਯੋਗਦਾਨ ਬਾਰੇ ਵਿਸਥਾਰਪੂਰਵਕ ਆਪਣੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਤਥਾਗਤ ਬੁੱਧ ਅਤੇ ਸਤਿਗੁਰੂ ਕਬੀਰ ਸਾਹਿਬ ਜੀ ਦੀ ਵਿਚਾਰਧਾਰਾ ਮਾਨਵਤਾਵਾਦ, ਸਮਾਨਤਾ, ਆਜ਼ਾਦੀ ਅਤੇ ਭਾਈਚਾਰੇ ਦੇ ਉੱਚ ਆਦਰਸ਼ਾਂ 'ਤੇ ਆਧਾਰਿਤ ਹੈ। ਉਨ੍ਹਾਂ ਕਿਹਾ ਕਿ ਬੁੱਧ ਦਾ ਧੰਮ ਮਨੁੱਖ ਨੂੰ ਅੰਧਵਿਸ਼ਵਾਸ, ਜਾਤ-ਪਾਤ, ਉੱਚ-ਨੀਚ ਅਤੇ ਸਮਾਜਿਕ ਬੇਇਨਸਾਫ਼ੀ ਤੋਂ ਮੁਕਤ ਕਰਕੇ ਤਰਕਸ਼ੀਲ ਅਤੇ ਵਿਗਿਆਨਕ ਸੋਚ ਅਪਣਾਉਣ ਦੀ ਪ੍ਰੇਰਣਾ ਦਿੰਦਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਬੁੱਧ, ਕਬੀਰ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਵਿਚਾਰ ਸਮਾਜ ਨੂੰ ਸਹੀ ਦਿਸ਼ਾ ਦੇਣ ਲਈ ਬਹੁਤ ਹੀ ਪ੍ਰਸੰਗਿਕ ਹਨ। ਇਹ ਮਹਾਨ ਵਿਚਾਰਕ ਮਨੁੱਖੀ ਮਰਿਆਦਾ, ਸਮਾਜਿਕ ਨਿਆਂ ਅਤੇ ਭਾਈਚਾਰਕ ਸਾਂਝ ਦੇ ਹਾਮੀ ਸਨ, ਜਿਨ੍ਹਾਂ ਦੇ ਵਿਚਾਰਾਂ ਨੂੰ ਅਪਣਾ ਕੇ ਹੀ ਇੱਕ ਬਰਾਬਰੀ ਵਾਲੇ ਅਤੇ ਨਿਆਂਪੂਰਨ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ।

ਸਮਾਗਮ ਦੌਰਾਨ ਮਿਸ਼ਨਰੀ ਗਾਇਕ ਦੇਵ ਵਿਰਕ, ਰਮੇਸ਼ ਚੌਹਾਨ, ਰਾਜ ਗੁਲਜ਼ਾਰ ਅਤੇ ਬੀਬਾ ਸਰਬਜੀਤ ਸਰਬ ਨੇ ਆਪਣੇ ਕ੍ਰਾਂਤੀਕਾਰੀ ਅਤੇ ਜਾਗਰੂਕਤਾ ਭਰਪੂਰ ਗੀਤਾਂ "ਬੁੱਧ ਦਾ ਅਜਿਹਾ ਧੰਮ ਆ; ਉੱਚ-ਨੀਚ ਦਾ ਜੋ ਕਰਦਾ ਸਫ਼ਾਇਆ, ਇਸ ਦੇਸ਼ 'ਚੋਂ ਪੁੱਟਣੀ ਮਨੂੰਵਾਦ ਦੀ ਜੜ੍ਹ ਨੀ, ਤੇਰੀ ਕੁਰਬਾਨੀ ਭੀਮਾ ਜਗ ਜਾਣਦਾ; ਕਰਾਂ ਕੀ ਸਿਫ਼ਤ ਤੇਰੀ ਪਰੇ ਤੋਂ ਪਰੇ, ਭੀਮ ਰਾਓ ਅੰਬੇਡਕਰ ਜੀ ਸਾਨੂੰ ਸਾਰੇ ਹੱਕ ਦਿਵਾ ਗਏ, ਅਤੇ ਬੁੱਧੰ ਸਰਣੰ ਗੱਛਾਮੀ ਵਰਗੇ ਗੀਤਾਂ ਰਾਹੀਂ ਸਰੋਤਿਆਂ ਨੂੰ ਮੰਤ੍ਰਮੁਗਧ ਕਰ ਦਿੱਤਾ। ਕਲਾਕਾਰਾਂ ਨੇ ਆਪਣੇ ਗੀਤਾਂ ਰਾਹੀਂ ਸਮਾਜਿਕ ਚੇਤਨਾ, ਸਵੈ-ਪਹਿਚਾਣ, ਸਿੱਖਿਆ, ਸੰਗਠਨ ਅਤੇ ਸੰਘਰਸ਼ ਦਾ ਸੰਦੇਸ਼ ਦਿੱਤਾ ਅਤੇ ਲੋਕਾਂ ਨੂੰ ਬਾਬਾ ਸਾਹਿਬ ਵੱਲੋਂ ਦਰਸਾਏ ਰਾਹ 'ਤੇ ਚੱਲਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਕੌਮੀ ਕਲਮ ਦੇ ਉੱਘੇ ਲੇਖਕ ਸੰਜੀਵ ਭੁੱਲਾ ਰਾਈ ਨੂੰ ਉਨ੍ਹਾਂ ਦੀਆਂ ਸਾਹਿਤਕ ਅਤੇ ਸਮਾਜਿਕ ਸੇਵਾਵਾਂ ਲਈ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦੀ ਪ੍ਰਸਿੱਧ ਰਚਨਾ "ਬੁੱਧ ਅਤੇ ਉਹਨਾਂ ਦਾ ਧੰਮ" ਦੀਆਂ ਕਾਪੀਆਂ ਵੱਡੀ ਗਿਣਤੀ ਵਿੱਚ ਹਾਜ਼ਰ ਸਾਥੀਆਂ ਨੂੰ ਭੇਂਟ ਕੀਤੀਆਂ ਗਈਆਂ, ਤਾਂ ਜੋ ਬੁੱਧ ਧੰਮ ਅਤੇ ਅੰਬੇਡਕਰੀ ਵਿਚਾਰਧਾਰਾ ਦਾ ਪ੍ਰਚਾਰ-ਪ੍ਰਸਾਰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਜਾ ਸਕੇ।

ਸਮਾਗਮ ਵਿੱਚ ਬਿਹਾਰੀ ਲਾਲ ਮਾਹੀ (ਕੈਸ਼ੀਅਰ), ਬਲਦੇਵ ਲਾਲ ਬਾਮਣੀਆਂ, ਘਣਸ਼ਾਮ ਜੀ, ਐਚ.ਐਲ. ਕੌਲ, ਮਾਸਟਰ ਕੁਲਦੀਪ ਸਿੰਘ, ਦੇਵਰਾਜ ਸੁਮਨ, ਮਾਸਟਰ ਰਾਧੇ ਸ਼ਾਮ, ਆਰ.ਐਲ. ਬਸਰਾ, ਸੁਰਿੰਦਰ ਭਵਿਆਣਾ, ਚਮਨ ਲਾਲ, ਰਾਮ ਲੁਭਾਇਆ, ਜੋਗਿੰਦਰ ਝੱਲੀ, ਸੁਰਿੰਦਰ ਕੌਲ, ਚਰਨਜੀਤ ਸੱਲ੍ਹਾ, ਜਤਿੰਦਰ ਖਮਾਚੋਂ, ਮੱਖਣ ਲਾਲ ਚੌਹਾਨ, ਐਡਵੋਕੇਟ ਹਰਭਜਨ ਸਾਂਪਲਾ, ਜਸਵੀਰ ਕੁਮਾਰ ਕੋਕਾ, ਹਰਭਜਨ ਸੁਮਨ (ਪ੍ਰਧਾਨ, ਅੰਬੇਡਕਰ ਸੈਨਾ ਮੂਲਨਿਵਾਸੀ), ਗੁਰ ਪ੍ਰਸਾਦ (ਲੁਧਿਆਣਾ), ਚੇਤ ਰਾਮ ਜੀ ਸਮੇਤ ਵੱਡੀ ਗਿਣਤੀ ਵਿੱਚ ਔਰਤਾਂ, ਨੌਜਵਾਨਾਂ, ਬੱਚਿਆਂ ਅਤੇ ਪਤਵੰਤੇ ਸੱਜਣਾਂ ਨੇ ਸ਼ਮੂਲੀਅਤ ਕੀਤੀ।

ਅੰਤ ਵਿੱਚ ਪ੍ਰਧਾਨ ਸ੍ਰੀਮਤੀ ਸੀਤਾ ਕੌਲ ਅਤੇ ਚੇਅਰਮੈਨ ਸ੍ਰੀ ਰਮੇਸ਼ ਕੌਲ ਨੇ ਸਮਾਗਮ ਵਿੱਚ ਸ਼ਿਰਕਤ ਕਰਨ ਵਾਲੇ ਸਮੂਹ ਮਹਿਮਾਨਾਂ, ਬੁਲਾਰਿਆਂ, ਕਲਾਕਾਰਾਂ ਅਤੇ ਸਹਿਯੋਗੀ ਸਾਥੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਅਮਰਜੀਤ ਬੰਗੜ (ਨਿਊਜ਼ੀਲੈਂਡ), ਅਮਰਜੀਤ ਬੋਧ (ਦੁਬਈ), ਗੁਰਦਿਆਲ ਬੋਧ (ਯੂ.ਕੇ.), ਡਾ. ਰਜਿੰਦਰ ਕੁਮਾਰ ਅਤੇ ਹੋਰ ਸਮੂਹ ਸਹਿਯੋਗੀਆਂ ਦੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸਮਾਗਮ ਸਮਾਜ ਵਿੱਚ ਜਾਗਰੂਕਤਾ, ਸੰਗਠਨ ਅਤੇ ਮਨੁੱਖਤਾਵਾਦੀ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਜਾਗਰੂਕਤਾ ਭਰਪੂਰ ਸਮਾਗਮ ਕਰਵਾਉਣ ਦਾ ਸੰਕਲਪ ਦੁਹਰਾਇਆ।

ਫੁੱਟਬਾਲ ਕੋਚਿੰਗ ਦੇ ਹੁਨਰ ਅਤੇ ਸਿਖਲਾਈ ਸਬੰਧੀ ਖਾਲਸਾ ਕਾਲਜ ਮਾਹਿਲਪੁਰ ਵਿੱਚ ਚਾਰ ਰੋਜ਼ਾ ਸਿਖਲਾਈ ਕੈਂਪ 5 ਜੂਨ ਤੋਂ

ਹੁਸ਼ਿਆਰਪੁਰ /ਮਹਿਲਪੁਰ, 1 ਜੂਨ (ਤਰਸੇਮ ਦੀਵਾਨਾ) - ਫੁੱਟਬਾਲ ਦੀ ਖੇਡ ਵਿੱਚ ਮਿਆਰੀ ਕੋਚਿੰਗ ਦੇ ਕਰੀਅਰ ਨੂੰ ਪ੍ਰਫੁੱਲਿਤ ਕਰਨ ਦੇ ਮੰਤਵ ਨਾਲ ਫੁੱਟਬਾਲ ਪਲੇਅਰਜ ਐਸੋਸੀਏਸ਼ਨ ਪੰਜਾਬ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਸਹਿਯੋਗ ਨਾਲ ਮਿਤੀ 5 ਜੂਨ ਤੋਂ 8 ਜੂਨ ਤੱਕ ਖਾਲਸਾ ਕਾਲਜ ਮਾਹਿਲਪੁਰ ਦੇ ਖੇਡ ਮੈਦਾਨਾਂ ਵਿਚ ਫੁੱਟਬਾਲ ਖੇਡ ਦੇ ਕੋਚਾਂ ਲਈ ਮੁੱਢਲਾ ਸਿਖਲਾਈ ਕੈਂਪ ਲਗਾਇਆ ਜਾ ਰਿਹਾ ਹੈ। ਕਾਲਜ ਵਿੱਚ ਉਕਤ ਕੈਂਪ ਦਾ ਉਦਘਾਟਨ 5 ਜੂਨ ਨੂੰ ਸਵੇਰੇ ਗਿਆਰਾਂ ਵਜੇ ਸਿੱਖ ਐਜੂਕੇਸ਼ਨਲ ਕੌਂਸਲ ਦੇ ਪ੍ਰਧਾਨ ਸੰਤ ਸਾਧੂ ਸਿੰਘ ਕਹਾਰਪੁਰ ਵੱਲੋਂ ਕੌਂਸਲ ਦੇ ਸਰਪ੍ਰਸਤ ਡਾ ਜੰਗ ਬਹਾਦਰ ਸਿੰਘ ਰਾਏ, ਮੈਨੇਜਰ ਇੰਦਰਜੀਤ ਸਿੰਘ ਭਾਰਟਾ ਅਤੇ ਸਕੱਤਰ ਪ੍ਰੋ ਅਪਿੰਦਰ ਸਿੰਘ ਦੀ ਹਾਜ਼ਰੀ ਵਿੱਚ ਕੀਤਾ ਜਾਵੇਗਾ। ਇਸ ਸਬੰਧੀ ਅੱਜ ਕਾਲਜ ਵਿੱਚ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਅਤੇ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਅਨਵਰ ਅਲੀ ਦੀ

ਪ੍ਰਧਾਨਗੀ ਹੇਠ ਵਿਸ਼ੇਸ਼ ਮੀਟਿੰਗ ਹੋਈ। ਇਸ ਮੌਕੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਨੇ ਸਵਾਗਤੀ ਸ਼ਬਦ ਸਾਂਝੇ ਕੀਤੇ ਅਤੇ ਫੁੱਟਬਾਲ ਐਸੋਸੀਏਸ਼ਨ ਵੱਲੋਂ ਫੁੱਟਬਾਲ ਦੇ ਕੋਚਾਂ ਲਈ ਲਗਾਏ ਜਾ ਰਹੇ ਇਸ ਕੈਂਪ ਦੀ ਸਫਲਤਾ ਲਈ ਵੱਧ ਤੋਂ ਵੱਧ ਸਹਿਯੋਗ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਫੁੱਟਬਾਲ ਖੇਡ ਦੀ ਮਿਆਰੀ ਕੋਚਿੰਗ ਸਬੰਧੀ ਸਿਖਲਾਈ ਵਾਸਤੇ ਅਜਿਹੇ ਕੈਂਪ ਖੇਡ ਦੀ ਪ੍ਰਫੁੱਲਤਾ ਵਿੱਚ ਹੋਰ ਸਹਾਇਕ ਹੋਣਗੇ। ਇਸ ਮੌਕੇ ਗੱਲ ਕਰਦਿਆਂ ਪ੍ਰਧਾਨ ਅਨਵਰ ਅਲੀ ਨੇ ਕਿਹਾ ਕਿ ਇਸ ਬੇਸਿਕ ਸਿਖਲਾਈ ਕੈਂਪ ਵਿੱਚ ਪਿੰਡਾਂ, ਅਕੈਡਮੀਆਂ, ਕਾਲਜਾਂ ਆਦਿ ਦੀਆਂ ਫੁੱਟਬਾਲ ਟੀਮਾਂ ਨੂੰ ਸਿਖਲਾਈ ਦੇਣ ਵਾਲੇ ਕੋਚਾਂ ਨੂੰ ਕੋਚਿੰਗ ਸਬੰਧੀ ਹੋਰ ਹੁਨਰਮੰਦ ਬਣਾਉਣ, ਕੋਚਿੰਗ ਵਿੱਚ ਕਰੀਅਰ ਦੇ ਵੱਧ ਤੋਂ ਵੱਧ ਮੌਕੇ ਪ੍ਰਫੁੱਲਿਤ ਕਰਨ ਅਤੇ ਖੇਡ ਦੇ ਬਾਰੀਕੀ ਨਾਲ ਨਿਰੀਖਣ ਸਬੰਧੀ ਪ੍ਰੈਕਟੀਕਲ, ਥਿਊਰੀ, ਵਿਚਾਰ ਚਰਚਾ ਅਤੇ ਕਲਾਸ ਰੂਮ ਲੈਕਚਰ ਹੋਣਗੇ। ਉਨ੍ਹਾਂ ਕਿਹਾ ਕਿ ਮਿਆਰੀ ਕੋਚਿੰਗ ਨਾਲ ਹੀ ਫੁੱਟਬਾਲ ਖੇਡ ਮਿਆਰੀ ਬਣਦੀ ਹੈ। ਇਸ ਮੌਕੇ ਕੋਚ ਹਰਪ੍ਰੀਤ ਸਿੰਘ ਨੇ ਫੁੱਟਬਾਲ ਦੇ ਕੋਚਾਂ ਨੂੰ ਇਸ ਕੈਂਪ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ ਅਤੇ ਕੋਚਿੰਗ ਕਰੀਅਰ ਨਾਲ ਸਬੰਧਤ ਖਿਡਾਰੀਆਂ ਨੂੰ ਰਜਿਸਟਰੇਸ਼ਨ ਕਰਵਾਉਣ ਦਾ ਸੱਦਾ ਦਿੱਤਾ। ਇਸ ਦੌਰਾਨ ਪ੍ਰਸਿੱਧ ਫੁੱਟਬਾਲ ਕੋਚ ਹਰਮਨਜੋਤ ਸਿੰਘ ਖਾਬੜਾ, ਡਿਪਟੀ ਕਮਾਂਡੈਂਟ ਸੂਰਜ ਭਾਨ ਹਾਂਡਾ,ਡਾ ਰਾਜ ਕੁਮਾਰ, ਕੋਚ ਹਰਿੰਦਰ ਸਨੀ, ਕੋਚ ਚਰਨਜੀਤ ਸਿੰਘ ਵੀ ਹਾਜ਼ਰ ਸਨ।

ਫੋਟੋ ਅਜਮੇਰ ਦੀਵਾਨਾ

ਰੋਟਰੀ ਕਲੱਬ ਬੰਗਾ ਗ੍ਰੀਨ ਵੱਲੋਂ ਮਾਨਵਤਾ ਦੀ ਸੇਵਾ ਇੱਕ ਪ੍ਰੇਰਣਾਦਾਇਕ ਉਪਰਾਲਾ -ਡਾ ਸੁਖਵਿੰਦਰ ਸੁੱਖੀ

ਬੰਗਾ 1 ਜੂਨ (ਚਰਨਜੀਤ ਸੱਲ੍ਹਾ)ਰੋਟਰੀ ਕਲੱਬ ਬੰਗਾ ਗ੍ਰੀਨ ਵਲੋਂ ਮਾਨਵਤਾ ਦੀ ਸੇਵਾ ਦਾ ਇਕ ਹੋਰ ਪ੍ਰੇਰਣਾਦਾਇਕ ਉਪਰਾਲਾ — ਸਕੂਲ ਆਫ ਐਮੀਨੈਂਸ ਬੰਗਾ ਵਿਖੇ ਉਸ ਵੇਲੇ ਖੁਸ਼ੀ, ਮਾਣ ਅਤੇ ਸੇਵਾ ਭਾਵਨਾ ਦਾ ਸੁੰਦਰ ਮਾਹੌਲ ਬਣ ਗਿਆ ਜਦੋਂ ਡਾਕਟਰ ਸੁੱਖਵਿੰਦਰ ਕੁਮਾਰ ਸੁਖੀ ਐਮ ਐਲ ਏ ਹਲਕਾ ਬੰਗਾ, ਲਗਾਤਾਰ ਚੌਥੀ ਵਾਰ ਭਾਰੀ ਬਹੁਮਤ ਨਾਲ ਜੇਤੂ ਰਹੀ ਮੈਡਮ ਮੋਨਿਕਾ ਵਾਲੀਆਂ ਐਮ ਸੀ ਅਤੇ ਹੋਰ ਨਵੇਂ ਚੁਣੇ ਐਮ ਸੀ ਸਾਹਿਬਾਨ ਦੇ ਸਕੂਲ ਪਹੁੰਚਣ ‘ਤੇ ਪ੍ਰਿੰਸੀਪਲ ਮੈਡਮ ਸਰੋਜ ਬਾਲਾ, ਰੋਟਰੀ ਕਲੱਬ ਬੰਗਾ ਗ੍ਰੀਨ ਦੇ ਪ੍ਰਧਾਨ ਰੋਟ ਦਿਲਬਾਗ ਸਿੰਘ ਬਾਗੀ, ਕਲੱਬ ਮੈਂਬਰਾਂ ਅਤੇ ਸਕੂਲ ਸਟਾਫ ਵਲੋਂ ਫੁੱਲਾਂ ਦੇ ਗੁਲਦਸਤਿਆਂ ਨਾਲ ਨਿੱਘਾ ਸਵਾਗਤ ਕਰਦਿਆਂ ਜੀ ਆਇਆਂ ਆਖਿਆ ਗਿਆ ਅਤੇ ਨਵੇਂ ਚੁਣੇ ਐਮ ਸੀ ਸਾਹਿਬਾਨ ਨੂੰ ਲੋਕਾਂ ਵਲੋਂ ਮਿਲੇ ਭਰੋਸੇ ਲਈ ਦਿਲੋਂ ਮੁਬਾਰਕਬਾਦ ਵੀ ਦਿੱਤੀ ਗਈ। ਇਸ ਮੌਕੇ ਹਾਜ਼ਰ ਵਿਦਿਆਰਥੀਆਂ, ਅਧਿਆਪਕਾਂ ਅਤੇ ਕਲੱਬ ਮੈਂਬਰਾਂ ਵਿੱਚ ਖਾਸ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਪੂਰਾ ਮਾਹੌਲ ਸਨਮਾਨ, ਸੇਵਾ ਅਤੇ ਆਪਣਾਪਣ ਨਾਲ ਰੰਗਿਆ ਹੋਇਆ ਨਜ਼ਰ ਆਇਆ। ਇਸ ਉਪਰੰਤ ਰੋਟਰੀ ਕਲੱਬ ਬੰਗਾ ਗ੍ਰੀਨ ਵਲੋਂ ਮਾਨਵਤਾ ਦੀ ਸੇਵਾ ਦੇ ਕਾਰਜਾਂ ਨੂੰ ਅੱਗੇ ਤੋਰਦਿਆਂ ਗਲੋਬਲ ਗਰਾਂਟ ਰਾਹੀਂ ਮਿਲੇ ਪੰਜਵੇਂ ਹੈਂਡ ਵਾਸ਼ ਸਟੇਸ਼ਨ ਅਤੇ ਤਿੰਨ ਪੇਟੀਆਂ ਸਾਬਣ ਸਕੂਲ ਆਫ ਐਮੀਨੈਂਸ ਬੰਗਾ ਨੂੰ ਭੇਟ ਕੀਤੀਆਂ ਗਈਆਂ, ਜਿਸ ਦਾ ਸ਼ੁਭ ਉਦਘਾਟਨ ਡਾਕਟਰ ਸੁੱਖਵਿੰਦਰ ਕੁਮਾਰ ਸੁਖੀ ਐਮ ਐਲ ਏ ਹਲਕਾ ਬੰਗਾ ਅਤੇ ਮੈਡਮ ਮੋਨਿਕਾ ਵਾਲੀਆਂ ਐਮ ਸੀ ਵਲੋਂ ਸਾਂਝੇ ਤੌਰ ‘ਤੇ ਕੀਤਾ ਗਿਆ। ਇਸ ਮੌਕੇ ਡਾਕਟਰ ਸੁੱਖਵਿੰਦਰ ਕੁਮਾਰ ਸੁਖੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਬੱਚਿਆਂ ਦੀ ਸਿਹਤ ਅਤੇ ਸਾਫ-ਸਫਾਈ ਨਾਲ ਜੁੜੇ

ਰੋਟਰੀ ਕਲੱਬ ਬੰਗਾ ਗ੍ਰੀਨ ਵਲੋਂ ਸਥਪਾਤ ਕੀਤੇ ਗਏ ਹੈਂਡ ਵਾਸ਼ ਸਟੇਸ਼ਨ ਦਾ ਉਦਘਟਨ ਕਰਦੇ ਹੋਏ ਡਾਕਟਰ ਸੁੱਖਵਿੰਦਰ ਕੁਮਾਰ ਸੁਖੀ ਐਮ ਐਲ ਏ ਮੋਨਿਕਾ ਵਾਲੀਆਂ ਐਮ ਸੀ ਰੋਟ ਦਿਲਬਾਗ ਸਿੰਘ ਬਾਗੀ ਪ੍ਰਿੰਸੀਪਲ ਸਰੋਜ ਬਾਲਾ ਅਤੇ ਹੋਰ।

ਅਜਿਹੇ ਉਪਰਾਲੇ ਸਿਰਫ਼ ਇਕ ਪ੍ਰੋਜੈਕਟ ਨਹੀਂ ਸਗੋਂ ਭਵਿੱਖ ਦੀ ਮਜ਼ਬੂਤ ਨੀਂਹ ਹਨ ਅਤੇ ਰੋਟਰੀ ਕਲੱਬ ਬੰਗਾ ਗ੍ਰੀਨ ਵਲੋਂ ਕੀਤੇ ਜਾ ਰਹੇ ਲੋਕ ਭਲਾਈ ਦੇ ਕੰਮ ਸਮਾਜ ਲਈ ਪ੍ਰੇਰਣਾਦਾਇਕ ਹਨ। ਮੈਡਮ ਮੋਨਿਕਾ ਵਾਲੀਆਂ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਲੋਕਾਂ ਵਲੋਂ ਲਗਾਤਾਰ ਚੌਥੀ ਵਾਰ ਮਿਲਿਆ ਪਿਆਰ, ਭਰੋਸਾ ਅਤੇ ਅਸੀਸ ਉਨ੍ਹਾਂ ਲਈ ਸਿਰਫ਼ ਜਿੱਤ ਨਹੀਂ ਸਗੋਂ ਵੱਡੀ ਜਿੰਮੇਵਾਰੀ ਹੈ ਅਤੇ ਬੱਚਿਆਂ ਦੀ ਸਿਹਤ, ਸਫਾਈ ਤੇ ਸਿੱਖਿਆ ਦੀ ਸੰਭਾਲ ਕਰਨਾ ਸਾਡਾ ਸਾਂਝਾ ਫਰਜ਼ ਹੈ। ਉਨ੍ਹਾਂ ਭਾਵੁਕ ਲਹਿਜ਼ੇ ਵਿੱਚ ਕਿਹਾ ਕਿ “ਰੋਟਰੀ ਕਲੱਬ ਬੰਗਾ ਗ੍ਰੀਨ ਵਲੋਂ ਲਗਾਇਆ ਗਿਆ ਇਹ ਹੈਂਡ ਵਾਸ਼ ਸਟੇਸ਼ਨ ਸਿਰਫ਼ ਇਕ ਸਹੂਲਤ ਨਹੀਂ, ਸਗੋਂ ਬੱਚਿਆਂ ਨੂੰ ਸਿਹਤਮੰਦ ਅਤੇ ਸੁਚੱਜੀ ਜ਼ਿੰਦਗੀ ਦੀ ਸੋਚ ਦੇਣ ਵਾਲਾ ਉਪਰਾਲਾ ਹੈ” ਅਤੇ ਉਹ ਲੋਕਾਂ ਦੀਆਂ ਉਮੀਦਾਂ ‘ਤੇ ਖਰਾ ਉਤਰਦਿਆਂ ਹਮੇਸ਼ਾਂ ਲੋਕ ਸੇਵਾ ਲਈ ਵਚਨਬੱਧ ਰਹਿਣਗੀਆਂ। ਇਸ ਮੌਕੇ ਕਲੱਬ ਪ੍ਰਧਾਨ ਰੋਟ ਦਿਲਬਾਗ ਸਿੰਘ ਬਾਗੀ, ਰੋਟ ਰਣਜੀਤ ਸਿੰਘ ਕੰਦੋਲਾ, ਰੋਟ ਜੀਵਨ ਦਾਸ ਕੌਸ਼ਲ ਅਤੇ ਰੋਟ ਸੁੱਖਵਿੰਦਰ ਸਿੰਘ ਧਾਮੀ ਨੇ ਸਾਂਝੇ ਬਿਆਨ ਵਿੱਚ ਮੈਡਮ ਮੋਨਿਕਾ ਵਾਲੀਆਂ ਸਮੇਤ ਸਾਰੇ ਨਵੇਂ ਚੁਣੇ ਐਮ ਸੀ ਸਾਹਿਬਾਨ ਨੂੰ ਦਿਲੋਂ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਰੋਟਰੀ ਕਲੱਬ ਬੰਗਾ ਗ੍ਰੀਨ ਹਮੇਸ਼ਾਂ ਸਿੱਖਿਆ, ਸਿਹਤ, ਸਫਾਈ, ਵਾਤਾਵਰਨ ਅਤੇ ਮਾਨਵਤਾ ਦੀ ਸੇਵਾ ਨਾਲ ਜੁੜੇ ਕਾਰਜਾਂ ਵਿੱਚ ਅੱਗੇ ਰਹਿੰਦਾ ਆਇਆ ਹੈ ਅਤੇ ਅੱਗੇ ਵੀ ਲੋਕ ਭਲਾਈ ਦੇ ਕੰਮ ਨਿਰੰਤਰ ਜਾਰੀ ਰਹਿਣਗੇ। ਸਕੂਲ ਪ੍ਰਿੰਸੀਪਲ ਮੈਡਮ ਸਰੋਜ ਬਾਲਾ ਨੇ ਰੋਟਰੀ ਕਲੱਬ ਬੰਗਾ ਗ੍ਰੀਨ ਦਾ ਸਕੂਲ ਵਿੱਚ ਹੈਂਡ ਵਾਸ਼ ਸਟੇਸ਼ਨ ਸਥਾਪਤ ਕਰਨ ਲਈ ਅਤੇ ਡਾਕਟਰ ਸੁੱਖਵਿੰਦਰ ਕੁਮਾਰ ਸੁਖੀ ਦਾ ਉਦਘਾਟਨ ਕਰਨ ਲਈ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਇਹ ਉਪਰਾਲਾ ਬੱਚਿਆਂ ਵਿੱਚ ਸਫਾਈ ਅਤੇ ਸਿਹਤ ਪ੍ਰਤੀ ਜਾਗਰੂਕਤਾ ਪੈਦਾ ਕਰਨ ਵਿੱਚ ਮੀਲ ਪੱਥਰ ਸਾਬਤ ਹੋਵੇਗਾ। ਇਸ ਮੌਕੇ ਹਾਜ਼ਰ ਸ਼ਖ਼ਸੀਅਤਾਂ ਵਿੱਚ ਰਾਜ ਕੁਮਾਰੀ ਐਮ ਸੀ, ਅਮਰੀਕ ਸਿੰਘ ਸੋਨੀ ਐਮ ਸੀ, ਮਨਜੀਤ ਸਿੰਘ ਬੱਬਲ ਐਮ ਸੀ, ਲਵਲੀਨ ਸੌਂਡਾ,ਐਮ ਸੀ ਰਾਜਵਿੰਦਰ ਕੌਰ ਐਮ ਸੀ ਕਵਿਤਾ ਅਭੀ ਐਮ ਸੀ ਮੀਨਾ ਐਮ ਸੀ ਮੁਕੇਸ਼ ਘਈ ਐਮ ਸੀ ਆਮ ਆਦਮੀ ਪਾਰਟੀ ਦੇ ਸੀਨੀਅਰ ਲੀਡਰ ਸੋਹਣ ਲਾਲ ਢੰਡਾ, ਪਵਨਜੀਤ ਸਿੱਧੂ,ਬ੍ਰਿਜ ਭੂਸ਼ਨ ਵਾਲੀਆਂ ਅੰਮ੍ਰਿਤ ਸਿੰਘ ਮਾਨ ਰੋਟ ਸਰਬਜੀਤ ਸਿੰਘ ਬੇਦੀ ਰੋਟ ਭੂਪੇਸ਼ ਕੁਮਾਰ ਰੋਟ ਦੇਵਿੰਦਰ ਕੁਮਾਰ ਸਕੂਲ ਸਟਾਫ ਵਿੱਚ ਦਰਸ਼ਨ ਸਿੰਘ, ਨੀਲਮ ਸਖੇਰ, ਮਾਨਮਿੰਦਰ ਸਿੰਘ ਮੀਨਾ ਰਾਣੀ, ਸਤਪਾਲ ਸਿੰਘ, ਅਮ੍ਰਿਤਪਾਲ ਸਿੰਘ ਅੰਜੂ ਬੇਦੀ ਨਵਦੀਪ ਕੌਰ ਬਲਵੀਰ ਸਿੰਘ ਰਾਜ ਕੁਮਾਰ ਅਜਨਾ ਨਿਧੀ ਰਾਜਵਿੰਦਰ ਕੌਰ ਅਤੇ ਵੱਡੀ ਗਿਣਤੀ ਵਿੱਚ ਸਕੂਲ ਵਿਦਿਆਰਥੀ ਹਾਜ਼ਰ ਸਨ।

ਖਾਲਸਾ ਕਾਲਜ ਮਾਹਿਲਪੁਰ ਵਿੱਚ ਐੱਮ ਕਾਮ ਦਾ ਨਤੀਜਾ ਸ਼ਾਨਦਾਰ

ਹ_ ਿਸ਼ ਆ ਰ ਪ_ ਰ /ਮਾਹਿਲਪੁਰ, 1 ਜੂਨ (ਤਰਸੇਮ ਦੀਵਾਨਾ) ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਨਤੀਜਿਆਂ ਵਿੱਚ ਇਲਾਕੇ ਦੇ ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਚੱਲਦੇ ਕੋਰਸ ਐੱਮ ਕਾਮ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਇਸ ਬਾਰੇ ਗੱਲ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਅਤੇ ਕਾਮਰਸ ਵਿਭਾਗ ਦੇ ਮੁਖੀ ਡਾ ਬਿਮਲਾ ਜਸਵਾਲ ਨੇ ਦੱਸਿਆ ਕਿ ਐੱਮ ਕਾਮ ਭਾਗ ਪਹਿਲਾ ਦੇ ਨਤੀਜੇ ਵਿੱਚ ਵਿਦਿਆਰਥਣ ਅਲਕਾ ਨੇ 82 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਸਾਕਸ਼ੀ ਨੇ 80.8 ਫੀਸਦੀ ਅੰਕਾਂ ਨਾਲ ਦੂਜਾ ਅਤੇ ਮਨਸੁਮੀਤ ਕੌਰ ਨੇ 80.7 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ

ਕੀਤਾ। ਇਸੇ ਤਰ੍ਹਾਂ ਐੱਮ ਕਾਮ ਭਾਗ ਦੂਜਾ ਦੀ ਵਿਦਿਆਰਥਣ ਪ੍ਰਿਯੰਕਾ ਜੁਨੇਜਾ ਨੇ 81.8 ਫੀਸਦੀ ਅੰਕਾਂ ਨਾਲ ਪਹਿਲਾ, ਵਿਦਿਆਰਥਣ ਜਸਮੀਨ ਕੁਮਾਰੀ ਨੇ 78.7 ਫੀਸਦੀ ਅੰਕਾਂ ਨਾਲ ਦੂਜਾ ਅਤੇ ਬਲਜਿੰਦਰ ਕੌਰ ਨੇ 78.5 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਪ੍ਰਿੰਸੀਪਲ ਸਮੇਤ ਕਾਮਰਸ ਵਿਭਾਗ ਦੇ ਸਮੂਹ ਅਧਿਆਪਕਾਂ ਨੇ ਇਨ੍ਹਾਂ ਵਿਦਿਆਰਥਣਾਂ ਨੂੰ ਚੰਗੇ ਨਤੀਜੇ ਲਈ ਮੁਬਾਰਕਬਾਦ ਦਿੱਤੀ ਅਤੇ ਸੁਨਹਿਰੀ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

ਫੋਟੋ ਅਜਮੇਰ ਦੀਵਾਨਾ

ਆਪ ਸਰਕਾਰ ਸਹਾਇਤਾ ਦੇ ਨਾਂ 'ਤੇ ਗਰੀਬਾਂ ਦੀ ਕਰ ਰਹੀ ਹੈ ਜਲਾਲਤ : ਸੰਜੀਵ ਤਲਵਾੜ

ਹੁਸ਼ਿਆਰਪੁਰ 1ਜੂਨ (ਤਰਸੇਮ ਦੀਵਾਨਾ) - "ਇੱਕ ਪਾਸੇ ਦੇਸ਼ ਦਾ ਲੋੜਵੰਦ ਵਰਗ ਆਰਥਿਕ ਮੰਦਹਾਲੀ ਕਾਰਨ ਬੇਹੱਦ ਦੁਖੀ ਹੈ, ਜਦਕਿ ਦੂਸਰੇ ਪਾਸੇ ਆਮ ਆਦਮੀ ਪਾਰਟੀ (ਆਪ) ਦੇ ਆਗੂ ਸਹਾਇਤਾ ਦੇਣ ਦੇ ਬਹਾਨੇ ਉਹਨਾਂ ਨੂੰ ਜਨਤਕ ਤੌਰ 'ਤੇ ਇਕੱਠਾ ਕਰਕੇ ਆਪਣੀਆਂ ਰਾਜਨੀਤਿਕ ਰੋਟੀਆਂ ਸੇਕ ਰਹੇ ਹਨ। ਸੋਸ਼ਲ ਮੀਡੀਆ ਅਤੇ ਹੋਰਨਾਂ ਸਾਧਨਾਂ ਰਾਹੀਂ ਗਰੀਬਾਂ ਦੀ ਲਾਚਾਰੀ ਨੂੰ ਨਸ਼ਰ ਕਰਨਾ ਸਿੱਧੇ ਤੌਰ 'ਤੇ ਮਨੁੱਖੀ ਅਧਿਕਾਰਾਂ ਦਾ ਘਾਣ ਹੈ।" ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਸੰਜੀਵ ਤਲਵਾੜ ਨੇ ਅੱਜ ਮੁਹੱਲਾ ਪਿਪਲਾਂ ਵਾਲਾ ਵਿਖੇ ਮੀਨਾ ਕੁਮਾਰੀ ਦੀ ਪ੍ਰਧਾਨਗੀ ਹੇਠ ਹੋਈ ਇੱਕ ਪ੍ਰਭਾਵਸ਼ਾਲੀ ਬੈਠਕ ਨੂੰ ਸੰਬੋਧਿਤ ਕਰਦੇ ਹੋਏ ਕੀਤਾ। ਬੈਠਕ ਨੂੰ ਸੰਬੋਧਨ ਕਰਦਿਆਂ ਸੰਜੀਵ ਤਲਵਾੜ ਨੇ

'ਆਪ' ਸਰਕਾਰ 'ਤੇ ਤਿੱਖੇ ਹਮਲੇ ਕੀਤੇ। ਉਹਨਾਂ ਕਿਹਾ ਕਿ ਸਰਕਾਰ ਵੱਲੋਂ ਚਲਾਈ ਗਈ 'ਆਪ ਦੀ ਰਸੋਈ ਸਕੀਮ' ਲੋਕਾਂ ਦੀ ਭਲਾਈ ਲਈ ਨਹੀਂ, ਬਲਕਿ ਉਹਨਾਂ ਨੂੰ ਮਾਨਸਿਕ ਤੌਰ 'ਤੇ ਖਰੀਦਣ ਲਈ ਚਲਾਈ ਗਈ ਹੈ। ਉਹਨਾਂ ਅੱਗੇ ਕਿਹਾ: "ਲੋੜਵੰਦਾਂ ਨੂੰ ਸਹਾਇਤਾ ਵੰਡਣ ਸਮੇਂ ਉਹਨਾਂ ਦੀਆਂ ਫੋਟੋਆਂ ਖਿੱਚ ਕੇ ਜਨਤਕ ਕਰਨਾ ਆਪਣੇ ਆਪ ਵਿੱਚ ਇੱਕ ਵੱਡਾ ਅਪਰਾਧ ਹੈ। ਇਹ ਲੋਕਾਂ ਦੀ ਸਹਾਇਤਾ ਨਹੀਂ, ਬਲਕਿ ਉਹਨਾਂ ਦੀ ਜਲਾਲਤ (ਬੇਇੱਜ਼ਤੀ) ਹੈ। ਤਲਵਾੜ ਨੇ ਆਮ ਜਨਤਾ ਨੂੰ ਵੀ ਅਪੀਲ ਕੀਤੀ ਕਿ ਉਹ ਸੱਤਾਧਾਰੀ ਪਾਰਟੀ ਦੇ ਇਹਨਾਂ ਘਟੀਆ ਮਨਸੂਬਿਆਂ ਅਤੇ ਸਿਆਸਤ ਨੂੰ ਸਮਝਣ। ਉਹਨਾਂ ਕਿਹਾ ਕਿ ਸਵਰਗੀ ਪ੍ਰਕਾਸ਼ ਸਿੰਘ ਬਾਦਲ ਦੇ ਸਮੇਂ ਜਰੂਰਤਮੰਦ ਲੋਕਾਂ ਨੂੰ ਜੋ ਸਹੂਲਤਾਂ ਪੂਰੇ ਮਾਣ-ਸਤਿਕਾਰ ਨਾਲ ਮਿਲਦੀਆਂ ਸਨ, ਅੱਜ ਆਮ ਆਦਮੀ ਪਾਰਟੀ ਨੇ ਉਹਨਾਂ ਸਭ ਸਹੂਲਤਾਂ ਨੂੰ ਇੱਕ ਖਿਲਵਾੜ ਬਣਾ ਕੇ ਰੱਖ ਦਿੱਤਾ ਹੈ। ਉਹਨਾਂ ਦੋਸ਼ ਲਾਇਆ ਕਿ ਅੱਜ ਪੰਜਾਬ ਵਿੱਚ ਕੇਵਲ ਦੁਸ਼ਣਬਾਜ਼ੀ ਅਤੇ ਗੁੰਡਾਗਰਦੀ ਦੀ ਰਾਜਨੀਤੀ ਸ਼ੁਰੂ ਹੋ ਚੁੱਕੀ ਹੈ, ਜਿਸ ਨੂੰ ਸ਼੍ਰੋਮਣੀ ਅਕਾਲੀ ਦਲ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ।

ਪੰਜਾਬ ਦਾ ਬੋਧੀ ਇਤਿਹਾਸ: ਸਾਰ ਅਤੇ ਸਮੀਖਿਆ (ਭਾਗ–8)

ਮੌਰੀਆ ਸਾਮਰਾਜ ਦਾ ਮੋਢੀ: ਚੰਦਰ ਗੁਪਤ (ਅਧਿਆਇ 5)

ਹਰਮੇਸ਼ ਜੱਸਲ

ਭਾਰਤੀ ਇਤਿਹਾਸ ਵਿੱਚ ਚੰਦਰ ਗੁਪਤ ਮੌਰੀਆ ਨੂੰ ਮੌਰੀਆ ਸਾਮਰਾਜ ਦਾ ਮੋਢੀ ਮੰਨਿਆ ਗਿਆ ਹੈ ਪਰ ਉਸ ਦੇ ਵੰਸ਼ ਬਾਰੇ ਇਤਿਹਾਸਕਾਰ ਅਜੇ ਤੱਕ ਫ਼ੈਸਲਾ ਨਹੀਂ ਕਰ ਸਕੇ ਕਿ ਉਹ ਸ਼ੂਦਰ ਸੀ ਜਾਂ ਕਸ਼ੱਤਰੀ ਜਾਂ ਗ਼ੁਲਾਮ ਚਰਵਾਹਾ। ਪ੍ਰਸ਼ਿਸ਼ਟਪ੍ਰਵਨ ਦੇ ਅਨੁਸਾਰ ਚੰਦਰ ਗੁਪਤ ' ਨੰਦ ਰਾਜਾ ' ਦੇ ਮੋਰ ਪਾਲਣ ਵਾਲੇ ਪਿੰਡ ਦੇ ਮੁਖੀਏ ਦੀ ਦੋਹਤੀ ਦਾ ਲੜਕਾ ਸੀ। ਚੰਦਰ ਗੁਪਤ ਦੀਆਂ ਦੋ ਰਾਣੀਆਂ ਵਿਚੋਂ ਇਕ ' ਮੁਰਾ ' ਸੀ ਜਿਸ ਨੂੰ ਸ਼ੂਦਰ ਕਿਹਾ ਹੈ।



ਸੰਨ 322 ਈਸਾ ਪੂਰਵ ਚੰਦਰ ਗੁਪਤ ਰਾਜਗੱਦੀ ਉੱਤੇ ਬੈਠਾ, ਉਸ ਦਾ ਰਾਜ-- ਮਗਧ ਅਤੇ ਪੰਜਾਬ ਤੋਂ ਛੁੱਟ ਭਾਰਤ ਦੇ ਦੂਰ ਦੁਰਾਡੇ ਹਿੱਸਿਆਂ ਤੱਕ ਫੈਲਿਆ ਹੋਇਆ ਸੀ। ਮਹਾਵੰਸ਼ ਟੀਕੇ ਚ ਵੀ ਉਸਨੂੰ ਜੰਬੂਦੀਪ ਦਾ ਇਕ ਛਤਰਪਤੀ ਰਾਜਾ ਦੱਸਿਆ ਗਿਆ ਹੈ।

ਚੰਦਰ ਗੁਪਤ ਦੇ ਠਾਠ-ਬਾਠ ਬਾਰੇ ਮੈਗਸਥਨੀਜ਼ ਲਿਖਦਾ ਹੈ ਕਿ ਸੂਸ (Susa) ਅਤੇ ਏਕਬਤਨ (Ekbatana) ਦੇ ਮਹਿਲ ਵੀ ਉਸਦੇ ਮਹਿਲਾਂ ਦਾ ਮੁਕਾਬਲਾ ਨਹੀਂ ਕਰ ਸਕਦੇ ਸਨ ਪਰ ਲਕੜੀ ਦੇ ਬਣੇ ਹੋਣ ਕਾਰਨ, ਇਹ ਸਮੇਂ ਅਤੇ ਪ੍ਰਕਿਰਤੀ ਦੇ ਪ੍ਰਭਾਵਾਂ ਦੀ ਤਬਾਹੀ ਤੋਂ ਬਚ ਨਾ ਸਕੇ। ਪਟਨਾ ਦੇ ਨੇੜੇ ਕੁਮਹਰਾਰ ਦੇ ਖੰਡਰ, ਜਿਨ੍ਹਾਂ ਦੀ ਖ਼ੋਜ ਡਾ. ਸਪੂਨਰ ਨੇ ਕੀਤੀ ਸੀ, ਖ਼ਿਆਲ ਕੀਤਾ ਜਾਂਦਾ ਹੈ ਕਿ ਚੰਦਰ ਗੁਪਤ ਦੇ ਮਹਿਲ ਦੇ 100 ਸਤੰਭਾਂ ਵਾਲੇ ਹਾਲ ਨੂੰ ਦਰਸਾਉਂਦੇ ਹਨ। ਇਸਦੀ ਸੈਨਿਕ ਸ਼ਕਤੀ ਅਤੇ ਰਾਜ ਪ੍ਰਬੰਧ ਵੀ ਸੁਚਾਰੂ ਢੰਗ ਨਾਲ ਚਲਦਾ ਸੀ।

ਇੰਨਾ ਵੱਡਾ ਸਾਮਰਾਜ ਖੜ੍ਹਾ ਕਰਨ ਦੇ ਬਾਵਜੂਦ, ਚੰਦਰ ਗੁਪਤ ਦਾ ਅੰਤਿਮ ਸਮਾਂ ਦੱਖਣੀ ਭਾਰਤ ਦੇ ਮੈਸੂਰ ਨੇੜੇ ਬੀਤਿਆ। ਸ਼ਰਾਵਣ ਬੇਲਗੋਲਾ ਤੋਂ ਮਿਲੇ ਸੱਤਵੀਂ ਸਦੀ ਦੇ ਇਕ ਲੇਖ ਚ ਭੱਦਰ ਬਾਹੂ ਅਤੇ ਮੁਨਿੰਦ੍ਰ ਚੰਦਰ ਗੁਪਤ ਦਾ ਉਲੇਖ ਹੈ।....ਚੰਦਰ ਗੁਪਤ ਦਾ ਵਾਰਿਸ ' ਬਿੰਦੁਸਾਰ ' ਸੀ।

(ਚਲਦਾ)

ਤੰਬਾਕੂ ਦੇ 'ਕੂਲ' ਪ੍ਰਚਾਰ ਦੀ ਅਸਲੀਅਤ ਨੂੰ ਪਛਾਣਨ ਦੀ ਲੋੜ : ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ

ਨਵਾਂਸ਼ਹਿਰ, 1 ਜੂਨ ਮਨੋਰੰਜਨ ਕਾਲੀਆ–): ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੀ ਯੋਗ ਅਗਵਾਈ ਹੇਠ ਸਿਵਲ ਸਰਜਨ ਦਫ਼ਤਰ, ਸ਼ਹੀਦ ਭਗਤ ਸਿੰਘ ਨਗਰ ਵਿਖੇ ਸੋਮਵਾਰ ਨੂੰ ਵਿਸ਼ਵ ਤੰਬਾਕੂ ਰਹਿਤ ਦਿਵਸ ਮਨਾਇਆ ਗਿਆ। ਇਸ ਸਾਲ ਵਿਸ਼ਵ ਤੰਬਾਕੂ ਰਹਿਤ ਦਿਵਸ ਦਾ ਥੀਮ "ਆਕਰਸ਼ਣ ਦਾ ਪਰਦਾਫਾਸ਼ – ਨਿਕੋਟੀਨ ਅਤੇ ਤੰਬਾਕੂ ਦੀ ਲਤ ਦਾ ਮੁਕਾਬਲਾ ਕਰੋ" ਹੈ। ਇਹ ਥੀਮ ਨੌਜਵਾਨਾਂ ਅਤੇ ਬੱਚਿਆਂ ਨੂੰ ਆਪਣੀ ਵੱਲ ਆਕਰਸ਼ਿਤ ਕਰਨ ਲਈ ਅਪਣਾਈਆਂ ਜਾਂਦੀਆਂ ਭਰਮਾਉਣ ਵਾਲੀਆਂ ਅਤੇ 'ਆਧੁਨਿਕ' ਜਾਂ 'ਕੂਲ' ਦਿਖਾਈ ਜਾਣ ਵਾਲੀਆਂ ਮਾਰਕੀਟਿੰਗ ਰਣਨੀਤੀਆਂ ਨੂੰ ਬੇਨਕਾਬ ਕਰਨ 'ਤੇ ਕੇਂਦਰਿਤ ਹੈ। ਇਸ ਮੌਕੇ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਤੰਬਾਕੂ ਉਦਯੋਗ ਨਵੇਂ-ਨਵੇਂ ਤਰੀਕਿਆਂ ਨਾਲ ਨੌਜਵਾਨਾਂ ਨੂੰ ਆਪਣੇ ਜਾਲ ਵਿੱਚ ਫਸਾਉਣ ਦੀ ਕੋਸ਼ਿਸ਼ ਕਰਦਾ ਹੈ। ਇਸ ਲਈ ਮਾਪਿਆਂ, ਅਧਿਆਪਕਾਂ ਅਤੇ ਸਮਾਜ ਨੂੰ ਮਿਲ ਕੇ ਨੌਜਵਾਨ ਪੀੜ੍ਹੀ ਨੂੰ ਇਨ੍ਹਾਂ ਭਰਮਾਉਣ ਵਾਲੀਆਂ ਰਣਨੀਤੀਆਂ ਬਾਰੇ ਜਾਗਰੂਕ ਕਰਨਾ ਚਾਹੀਦਾ ਹੈ ਤਾਂ ਜੋ ਉਹ ਤੰਬਾਕੂ ਅਤੇ ਨਿਕੋਟੀਨ

ਦੀ ਲਤ ਤੋਂ ਬਚ ਸਕਣ। ਉਨ੍ਹਾਂ ਅੱਗੇ ਕਿਹਾ ਕਿ ਤੰਬਾਕੂ ਦੀ ਲਤ ਨੌਜਵਾਨਾਂ ਦੇ ਸੁਨਹਿਰੇ ਭਵਿੱਖ ਲਈ ਵੱਡਾ ਖ਼ਤਰਾ ਹੈ। ਉਨ੍ਹਾਂ ਨੌਜਵਾਨ ਪੀੜ੍ਹੀ ਨੂੰ ਸੱਦਾ ਦਿੱਤਾ ਕਿ ਉਹ ਤੰਬਾਕੂ ਅਤੇ ਹੋਰ ਨਸ਼ਿਆਂ ਤੋਂ ਦੂਰ ਰਹਿ ਕੇ ਆਪਣੀ ਸਿਹਤ ਦੀ ਸੰਭਾਲ ਕਰਨ ਅਤੇ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ। ਉਨ੍ਹਾਂ ਕਿਹਾ ਕਿ ਤੰਬਾਕੂ ਦਾ ਸੇਵਨ ਕੈਂਸਰ, ਦਿਲ ਦੀਆਂ ਬਿਮਾਰੀਆਂ, ਫੇਫੜਿਆਂ ਦੇ ਰੋਗ ਅਤੇ ਹੋਰ ਕਈ ਗੰਭੀਰ ਸਿਹਤ ਸਮੱਸਿਆਵਾਂ ਦਾ ਮੁੱਖ ਕਾਰਨ ਬਣਦਾ ਹੈ। ਡਾ. ਗੁਰਿੰਦਰਜੀਤ ਸਿੰਘ ਨੇ ਦੱਸਿਆ ਕਿ ਤੰਬਾਕੂ ਦੇ ਵੱਧ ਰਹੇ ਪ੍ਰਭਾਵ ਨੂੰ ਰੋਕਣ ਲਈ ਸਮਾਜ ਦੇ ਹਰ ਵਰਗ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਅਤੇ ਨੌਜਵਾਨਾਂ ਨੂੰ ਤੰਬਾਕੂ ਉਦਯੋਗ ਦੀ ਭਰਮਾਉਣ ਵਾਲੀ ਮਾਰਕੀਟਿੰਗ ਤੋਂ ਬਚਾਉਣਾ ਸਮੇਂ ਦੀ ਮੁੱਖ ਲੋੜ ਹੈ। ਇਸ ਮੌਕੇ ਸਿਹਤ ਵਿਭਾਗ ਦੇ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਲੋਕਾਂ ਵਿੱਚ ਤੰਬਾਕੂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਫੈਲਾਉਣ ਅਤੇ ਤੰਬਾਕੂ ਛੱਡਣ ਦੇ ਇੱਛੁਕ ਵਿਅਕਤੀਆਂ ਦੀ ਹਰ ਸੰਭਵ ਮਦਦ ਕਰਨ ਦੀ ਸਹੁੰ ਵੀ ਚੁੱਕੀ। ਇਸ ਮੌਕੇ ਜ਼ਿਲ੍ਹਾ ਸਿਹਤ ਅਫਸਰ ਡਾ ਰੇਨੂ ਮਿੱਤਲ, ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਹਰੀਸ਼ ਕਿਰਪਾਲ, ਸਹਾਇਕ ਸਿਵਲ ਸਰਜਨ ਡਾ ਬਲਜੀਤ ਕਮਲ, ਜ਼ਿਲ੍ਹਾ ਡੈਂਟਲ ਹੈਲਥ ਅਫ਼ਸਰ ਰਾਜ ਕੁਮਾਰੀ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾ ਰਾਕੇਸ਼ ਪਾਲ,ਜ਼ਿਲ੍ਹਾ ਸਮੂਹ ਸਿੱਖਿਆ ਅਤੇ ਸੂਚਨਾ ਅਫ਼ਸਰ ਦਲਜੀਤ ਸਿੰਘ, ਸੀਨੀਅਰ ਫਾਰਮੇਸੀ ਅਫ਼ਸਰ ਕਮਲਜੀਤ ਕੌਰ, ਹੈਲਥ ਇੰਸਪੈਕਟਰ ਰਾਜੀਵ ਕੁਮਾਰ, ਜ਼ਿਲ੍ਹਾ ਅਕਾਊਂਟ ਅਫ਼ਸਰ ਦੀਪਕ ਵਰਮਾ, ਜ਼ਿਲ੍ਹਾ ਸਕੂਲ ਹੈਲਥ ਕੋਆਰਡੀਨੇਟਰ ਰਮਨਦੀਪ ਕੌਰ ਸਮੇਤ ਹੋਰ ਸਿਹਤ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

ਗੋਰੀ ਦੀ ਗਲਤ ਫਹਿਮੀ

"ਚੂੰ ਚੂੰ ਚਾਉਂ ਚਾਉਂ ਚੀ ਚੀ ਚੂ ਚੂ।" ਇਹ ਕੋਈ ਨਵੀਂ ਭਾਸ਼ਾ ਨਹੀਂ ਇਹ ਉਹ ਭਾਸ਼ਾ ਸੀ ਜਿਹੜੀ ਮੈਨੂੰ ਆਰਾਮ ਨਾਲ ਕੁਰਸੀ ਤੇ ਬੈਠੇ ਨੂੰ ਉਹ ਮੋਟੀ ਜਿਹੀ ਗੋਰੀ ਮੇਰੇ ਨਾਲ ਬੋਲੀ। ਚਾਹੇ ਮੈਨੂੰ ਉਸ ਦੀ ਕੋਈ ਸਮਝ ਨਹੀਂ ਆਈ ਪ੍ਰੰਤੂ ਮੈਂ ਉਸਦਾ ਮਤਲਬ ਸਮਝ ਗਿਆ ਸੀ ਕਿ ਉਹ ਕ਼ੀ ਕਹਿਣਾ ਚਾਹੁੰਦੀ ਹੈ? ਇਹ ਉੱਨੀ ਅਪ੍ਰੈਲ ਦੀ ਗੱਲ ਹੈ ਉਸ ਦਿਨ ਅਸੀਂ ਐਡਿਲੀਡ ਤੋਂ ਕੋਈ ਸੱਠ ਕਿੱਲੋਮੀਟਰ ਬਾਹਰ ਸਟਾਬੈਰੀ ਪਾਰਕ ਗਏ ਸੀ। ਮੈਂ ਪਾਰਕ ਅਤੇ ਉਸਦੇ ਨਾਲ ਸਬੰਧਿਤ ਦੇ ਨਜ਼ਾਰਿਆਂ ਨੂੰ ਆਪਣੇ ਕੈਮਰੇ ਵਿੱਚ ਕੈਦ ਕਰ ਰਿਹਾ ਸੀ। ਉਸ ਪਾਰਕ ਦਾ ਨਾਮ ਅਜੀਬ ਜਿਹਾ ਸੀ ਤੇ ਉਹ ਮੇਰੇ ਮੂੰਹਜ਼ੁਬਾਨੀ ਯਾਦ ਹੋਣ ਵਾਲਾ ਨਹੀਂ ਸੀ। ਉਸ ਪਾਰਕ ਵਿੱਚ ਬਣੇ ਕੈਫ਼ੇ ਦੀ ਕੰਧ ਤੇ ਪਾਰਕ ਦੇ ਨਾਮ ਦਾ ਵੱਡਾ ਸਾਰਾ ਬੋਰਡ ਲੱਗਿਆ ਸੀ ਜਿਸ ਤੇ ਪਾਰਕ ਦਾ ਨਾਮ ਅੰਗਰੇਜ਼ੀ ਵਿੱਚ ਲਿਖਿਆ ਹੋਇਆ ਸੀ। ਮੈਂ ਦੋ ਤਿੰਨ ਐਂਗਲ ਤੋਂ ਉਸ ਬੋਰਡ ਦੀ ਤਸਵੀਰ ਲਈ। ਉਸੇ ਕੰਧ ਨਾਲ ਰੇਤਾ ਪਾਕੇ ਉਹਨਾਂ ਨੇ ਬੱਚਿਆਂ ਦੇ ਖੇਡਣ ਲਈ ਇੱਕ ਛੋਟਾ ਗਰਾਉਂਡ ਬਣਾਇਆ ਹੋਇਆ ਸੀ। ਉਸ ਗੋਰੀ ਦਾ ਛੋਟਾ ਜਿਹਾ ਮੁੰਡਾ ਉਥੇ ਮਿੱਟੀ ਵਿੱਚ ਖੇਡ ਰਿਹਾ ਸੀ ਤੇ ਇਹ ਗੋਰੀ ਪਾਸੇ ਬੈਠੀ ਸੀ। ਇਸ ਨੇ ਮੈਨੂੰ ਫੋਟੋ ਲੈਂਦੇ ਹੋਏ ਨੂੰ ਵੇਖ ਲਿਆ ਸੀ। ਮੇਰੇ ਬੱਚਿਆਂ ਨੇ ਇੱਥੇ ਆਉਣ ਸਾਰ ਮੈਨੂੰ ਇੱਕ ਗੱਲ ਸਮਝਾਈ ਸੀ ਕਿ ਇਹ ਗੋਰੇ ਆਪਣੀ ਨਿੱਜਤਾ ਨੂੰ ਲੈਕੇ ਹਮੇਸ਼ਾ ਸੁਚੇਤ ਰਹਿੰਦੇ ਹਨ। ਸੋ ਕਿਸੇ ਦੀ ਪ੍ਰਮਿਸ਼ਨ ਤੋਂ ਬਿਨਾਂ ਕਿਸੇ ਦੀ ਕੋਈ ਫੋਟੋ ਨਹੀਂ ਲੈਣੀ। ਮੈਨੂੰ ਲੱਗਿਆ ਕਿ ਉਸ ਗੋਰੀ ਨੂੰ ਇਹ ਸ਼ੱਕ ਹੋ ਗਿਆ ਕਿ ਮੈਂ ਉਸਦੇ ਖੇਡਦੇ ਹੋਏ ਬੱਚੇ ਦੀ ਤਸਵੀਰ ਲਈ ਹੈ। ਉਸ ਦੇ ਸੂਈ ਕੁੱਤੀ ਵਾਂਗੂ ਮੇਰੇ ਤੇ ਚੀਕਣ ਤੇ ਮੈਂ 'ਨੋ' 'ਨੋ' ਕਰਕੇ ਆਪਣਾ ਸਪਸ਼ਟੀਕਰਨ



ਦਿੱਤਾ ਅਤੇ ਆਪਣਾ ਫ਼ੋਨ ਵਿਖਾਉਣ ਦੀ ਕੋਸ਼ਿਸ਼ ਕੀਤੀ। ਪ੍ਰੰਤੂ ਉਹ ਮੇਰੀ 'ਨੋ ਨੋ' ਨਾਲ ਹੀ ਸੰਤੁਸ਼ਟ ਹੋ ਗਈ ਤੇ ਚਲੀ ਗਈ। ਮੈਨੂੰ ਉਸ ਗੋਰੀ ਤੇ ਬਹੁਤ ਗੁੱਸਾ ਆਇਆ। ਭਾਰਤੀਆਂ ਕੋਲ਼ ਤਾਂ ਮੋਬਾਇਲ ਇੱਕੀਵੀਂ ਸਦੀ ਦੇ ਸ਼ੁਰੂ ਵਿੱਚ ਹੀ ਆਇਆ ਹੈ। ਪਹਿਲਾਂ ਅਸੀਂ ਜਦੋ ਵੀ ਇਹਨਾਂ ਗੋਰੇ ਗੋਰੀਆਂ ਨੂੰ ਵੇਖਦੇ ਸੀ ਤਾਂ ਇਹ ਇੰਡੀਆ ਵਿੱਚ ਲੰਮੇ ਲੰਮੇ ਕੈਮਰੇ ਲੈ ਕੇ ਘੁੰਮਦੇ। ਸਾਡੇ ਇੰਡੀਆ ਦੀ ਗਰੀਬੀ ਦਾ ਮਜ਼ਾਕ ਉਡਾਉਂਦੇ ਹੋਏ ਸਾਡੀ ਹਰ ਕਮਜ਼ੋਰੀ, ਕਮੀ ਤੇ ਗਰੀਬੀ ਨੂੰ ਆਪਣੇ ਕੈਮਰੇ ਵਿੱਚ ਕੈਦ ਕਰਦੇ। ਖੁੱਲ੍ਹੇ ਵਿੱਚ ਰਫ਼ਾ ਹਾਜ਼ਤ ਕਰਦੀਆਂ ਅਤੇ ਖੁੱਲ੍ਹੇ ਵਿੱਚ ਨ੍ਹਾਉਂਦੀਆਂ ਸਾਡੀਆਂ ਔਰਤਾਂ ਦੀਆਂ ਤਸਵੀਰਾਂ ਖਿੱਚਦੇ। ਡਰਟੀ ਇੰਡੀਆ ਲਿਖਕੇ ਸਾਡਾ ਮਜ਼ਾਕ ਉਡਾਉਂਦੇ। ਆਪ ਇਹ ਆਪਣੇ ਬੱਚੇ ਦੀ ਤਸਵੀਰ ਲੈਣ ਤੇ ਇੰਨਾ ਚੀਕਦੇ ਹਨ ਜਿਵੇਂ ਅਸੀਂ ਕਿਸੇ ਨਵੀ ਸੂਈ ਕੁੱਤੀ ਦੇ ਪਿਲਿਆਂ ਨੂੰ ਛੇੜ ਦਿੱਤਾ ਹੋਵੇ।

ਰਮੇਸ ਸੇਠੀ ਬਾਦਲ
987667233

ਹੜ੍ਹਾਂ ਦੀ ਰੋਕਥਾਮ,ਹਾਸ ਵਿਅੰਗ)

ਮੰਤਰੀ ਦਾ ਬਿਆਨ ਆਇਆ, ਹੜ੍ਹਾਂ ਦੀ ਰੋਕਥਾਮ ਲਈ,ਅਸੀਂ ਵਿੱਢੀਆਂ ਤਿਆਰੀਆਂ।ਵਾਧੂ ਪਾਣੀ ਦਾ ਕੀਤਾ ਇੰਤਜ਼ਾਮ,ਮੁੱਖ ਮੰਤਰੀ ਦੀ ਕੋਠੀ ਵੱਲ ਵਧ ਰਹੇ ਮੁਲਾਜ਼ਮਾਂ ਤੇ, ਪਾਣੀ ਦੀਆਂ ਬੁਛਾੜਾਂ ਸੀ ਮਾਰੀਆਂ। ਜਦੋਂ ਮਾਨ ਸਾਹਿਬ ਆਉਂਦੇ ਉਦਘਾਟਨ ਕਰਨ,ਵਾਧੂ ਪਾਣੀ ਨਾਲ, ਸੜਕਾਂ ਧੋ ਧੋ ਅਸੀਂ ਨਿਖਾਰੀਆਂ। ਕੀਮਤੀ ਪਾਣੀ ਅਸੀਂ,ਹੋਰ ਕਿਸੇ ਸੂਬੇ ਨੂੰ,ਦੇ ਨ੍ਹੀਂ ਸਕਦੇ,ਭਾਵੇਂ ਡੋਲ੍ਹ ਡੋਲ੍ਹ,ਧੋਈਏ ਬੂਹੇ ਤੇ ਬਾਰੀਆਂ।ਅਸੀਂ ਪੰਜਾਬੀ ਕਿਸੇ ਦੀ ਨ੍ਹੀਂ ਸੁਣਦੇ, ਮੋਦੀ ਦੀਆਂ ਨਸੀਹਤਾਂ ਵੀ ਨਕਾਰੀਆਂ।ਨਵੇਂ ਨਵੇਂ ਬਹਾਨੇ ਲੱਭੀਏ, ਕਿਵੇਂ ਪਾਣੀ ਪਿਤਾ ਨੂੰ ਬਚਾਈਏ। ਪੰਜਾਬੀਆਂ ਨੂੰ ਹੁਕਮ ਦਿੱਤਾ, ਡੋਲ੍ਹੋ ਪਾਣੀ, ਚਾਹੇ ਦਸ ਦਸ ਵਾਰ ਨਹਾਈਏ। ਗੰਦੇ ਨਾਲਿਆਂ ਦੇ ਪਾਣੀ ਨੂੰ ਸਾਫ ਕਰਕੇ, ਬੋਰ ਕੀਤੇ ਖੂਹਾਂ ਵਿੱਚ ਪੁਚਾਈਏ।ਪਾਣੀ ਦੇ ਡਿੱਗ ਰਹੇ

ਪੱਧਰ ਨੂੰ ਪੰਚ-ਮੰਜਿਲਾਂ ਉਪਰ ਤੱਕ ਲਿਆਈਏ। ਪਾਕਿਸਤਾਨ, ਰਾਜਸਥਾਨ ਵੱਲ ਜਾਂਦਾ ਪਾਣੀ ਰੋਕੀਏ, ਕਿਸਾਨ ਵੀ ਸਾਡੇ ਚਾਰ ਚੰਦ ਚੜ੍ਹਦੇ,ਮੰਨਦੇ ਨ੍ਹੀਂ, ਦੁਰਵਰਤੋਂ ਰੋਕਣ ਲਈ ਜੇ ਮਨਾਈਏ। ਕਿਸਾਨ ਤਾਂ ਸਾਡੀ ਜਿੰਦ-ਜਾਨ ਨੇ, ਉਨ੍ਹਾਂ ਦੀ ਬੱਚਿਆਂ ਵਰਗੀ ਜਿੱਦ ਪੁਗਾਈਏ। ਪਿਕਚਰ ਅਜੇ ਆਣੀ ਬਾਕੀ ਹੈ, ਇੰਤਜ਼ਾਰ ਕਰੋ, ਪੰਜਾਬ ਦੇ ਨਵੇਂ ਨਵੇਂ ਨਜ਼ਾਰੇ ਦਿਖਾਈਏ।ਭੂਤਕਾਲ ਦਾ ਇਤਿਹਾਸ ਹੈ ਦੱਸਦਾ, ਅਸੀਂ ਪਾਣੀਆਂ ਪਿੱਛੇ ਲੜੀਆਂ ਲੜਾਈਆਂ। ਫਿਤਰਤ ਹੀ ਸਾਡੀ ਐਸੀ ਹੈ, ਘਮਾਸਾਣਾਂ ਦੇ ਵਿੱਚ ਜਿੰਦਗੀਆਂ ਲੰਘਾਈਆਂ। ਦੂਸਰਿਆਂ ਨੂੰ ਮੱਤਾਂ ਦੇਈਏ,ਕੰਜੂਸੀ ਕਰਨ ਦੀਆਂ,ਆਪ ਖੁੱਲ੍ਹੀਆਂ ਮੌਜਾਂ ਉੜਾਈਏ। ਲੀਡਰ ਵੀ ਸਾਨੂੰ ਕੰਮ ਦੇ ਨ੍ਹੀਂ ਮਿਲਦੇ, ਨਸ਼ੇੜੀਆਂ ਨਾਲ ਹੀ ਕੰਮ ਚਲਾਈਏ। ਨਸ਼ਿਆਂ ਦਾ ਲੋਰ ਚੜ੍ਹਾ ਕੇ, ਉਨ੍ਹਾਂ ਤੋਂ, ਅਪਣੇ ਹੱਕ ਵਿੱਚ, ਵੋਟਾਂ ਪਵਾਈਏ।

ਹਾਸ ਵਿਅੰਗ “ ਬੁਢਾਪੇ ਦਾ ਸਹਾਰਾ

ਮੈਂ ਆਪਣੀ ਜ਼ਿੰਦਗੀ ਦੇ 84 ਸਾਲ (ਪਰ ਹੁਣ-91)ਗਵਾ ਚੁੱਕਿਆ ਹਾਂ। 85ਵੇਂ (92)ਦਾ ਵੀ ਅੱਧ-ਪਚੱਧ ਨਿਕਲ ਚੱਲਿਆ ਹੈ। ਅਕਸਰ ਮੇਰੇ ਕਈ ਯਾਰ-ਬੇਲੀ ਜਾਂ ਕੋਈ ਇੱਧਰੋਂ-ਉਧਰੋਂ,ਤੁਰਦਾ-ਫਿਰਦਾ,ਮਿਲਦਾ ਮਿਲਾਉਂਦਾ ਮਿਲਾਪੜਾ,ਮੇਰੇ 'ਤੇ ਇੱਕੋ ਸਵਾਲ ਆਪਣੀ ਮੂੰਹ ਦੀ ਤੋਪ ‘ਚੋਂ ਗੋਲਾ ਦਾਗ਼ ਕੇ ਪੁੱਛਦਾ ਹੈ ਕਿ ਬਜ਼ੁਰਗੋ!ਤੁਸੀਂ ਆਪਣੇ ਬੁਢਾਪੇ ਦਾ ਕੀ ਸਹਾਰਾ ਬਣਾਇਆ ਜੇ?

ਜਦ ਕੋਈ ਮੈਨੂੰ ਅਜਿਹਾ ਸਵਾਲ ਪੁੱਛਦਾ ਹੈ ਤਾਂ ਲੱਗਦਾ ਜਿਵੇਂ ਉਹ ਮੈਨੂੰ ਆਪਣੇ ਮਨ ਨਾਲ ਪੱਕੀ ਤਰ੍ਹਾਂ 'ਬੁੱਢਾ' ਮੰਨ ਕੇ ਹੀ ਗੱਲ ਕਰਦਾ ਹੈ। ਉਹਨੂੰ ਕੀ ਦੱਸਾਂ ਕਿ ਅਸੀਂ ਤਾਂ ਆਪਣੇ-ਆਪ ਨੂੰ ਅਜੇ ਤਕ ਕਦੇ ਬੁੱਢਾ ਮੰਨਿਆ ਹੀ ਨਹੀਂ। ਪਤਾ ਨਹੀਂ,ਮੈਨੂੰ ਬੇਕਾਰ ਅਤੇ ਨਕਾਰਾ 'ਵਸਤੂ' ਕਿਵੇਂ ਸਮਝ ਬੈਠਦੇ ਨੇ; ਜਿਵੇਂ ਕੋਈ 'ਕੂੜੇਦਾਨ' ਵਿਚ ਸੁੱਟਣ ਵਾਲੀ' ਚੀਜ਼' ਹੋਵਾਂ? ਖ਼ੈਰ,ਹੋ ਸਕਦਾ ਕਿ ਉਨ੍ਹਾਂ ਨੇ ਮੇਰਾ 'ਜੁੱਸਾ' ਦੇਖ ਕੇ,ਆਪਣਾ ਅਜਿਹਾ ਦ੍ਰਿਸ਼ਟੀਕੋਣ ਬਣਾਇਆ ਹੋਵੇ। ਮਨ ਦੇ ਦਰਪਨ ਵਿੱਚ ਕੋਣ ਝਾਤ ਮਾਰਦਾ ਹੈ?

ਮੈਂ ਮੰਨਦਾ ਹਾਂ ਕਿ ਹਰ ਉਹ ਚੀਜ਼ ਜੋ ਇਸ ਦੁਨੀਆ ਵਿਚ ਆਉਂਦੀ ਹੈ,ਨਾਸ਼ਵਾਨ ਹੈ: ਉਹਦੇ ਆਉਣ ਦਾ ਅਤੇ ਜਾਣ ਦਾ ਸਮਾਂ ਨਿਸ਼ਚਿਤ ਹੈ- ਆਪਣੇ ਸਮੇਂ ਸਿਰ ਆਉਣਾ ਅਤੇ ਤੁਰ ਜਾਣਾ ਇੱਕ ਕੁਦਰਤੀ ਪ੍ਰਕਿਰਿਆ ਹੈ,ਜੋ ਮਨੁੱਖੀ ਤਾਕਤ ਤੋਂ ਬਾਹਰੀ ਹੈ। ਇਹ ਸੋਚ ਕੇ,ਕਦੇ-ਕਦੇ,ਮੈਂ ਆਪਣੇ ਮਨ ਤੋਂ ਪੁੱਛਦਾ ਹਾਂ ਕਿ ਮੈਨੂੰ ਮਿਲਣ ਵਾਲੇ,ਇੱਕੋ ਜਿਹਾ ਸਵਾਲ ਕਿਉਂ ਕਰਦੇ ਨੇ? ਜ਼ਰੂਰ ਕੋਈ ਨਾ ਕੋਈ ਖ਼ਾਸ ਵਜ੍ਹਾ ਤਾਂ ਹੋਏਗੀ,ਜੋ ਉਨ੍ਹਾਂ ਨੂੰ ਮੇਰੇ ਬਾਰੇ ਤਸ਼ਵੀਸ਼ ਰਹਿੰਦੀ ਹੈ। ਚੰਗਾ ਇਹੀ ਹੈ ਕਿ ਮੈਂ ਆਪ ਹੀ ਕਿਉਂ ਨਾ ਅੱਜ ਇਸ ਸਵਾਲ 'ਤੇ ਸਵੈ-ਚਿੰਤਨ ਕਰਾਂ,ਜਿਵੇਂ ਕਿਸੇ ਵਿਵਾਦਪੂਰਨ ਮੁੱਦੇ ਤੇ ‘ਸਰਕਾਰੀ ਕਮਿਸ਼ਨ-ਜਾਂ ਕਮੇਟੀਆਂ' ਕਰਦੀਆਂ ਹਨ।

ਲਓ ਜੀ,ਕੁੱਝ ਮਗ਼ਜ਼ ਖਪਾ ਕੇ,ਜਵਾਬ ਲੱਭ ਹੀ ਗਿਆ ਹੈ- - ਬੁਢਾਪੇ ਦਾ ਸਹਾਰਾ, ਕੇਵਲ ਬੁਢਾਪਾ ਹੀ ਹੁੰਦਾ ਹੈ,- - ਕਿਉਂਕਿ ਇਸ ਪੜਾਅ 'ਤੇ ਜੱਦੋ ਉਹ 'ਆਪਣੀ ਹਾਜ਼ਰੀ' ਲਗਵਾਉਣ ਆਉਂਦਾ ਹੈ ਤਾਂ ਫਿਰ ਮਨੁੱਖ ਨੂੰ ਛੱਡ ਕੇ ਨਹੀਂ ਜਾਂਦਾ;ਆਖ਼ਰੀ ਸਾਹ ਤਕ,ਨਾ ਹੱਥ ਛੱਡੇ ਅਤੇ ਨਾ ਸਾਥ।ਪੱਕਾ ‘ਸ਼ਿਵਪੁਰੀ’ ਤੋਂ ਨਾਨ ਸਟਾਪ ‘ਸੁਰਗਪੁਰੀ’ ਤਕ।

ਅਸਲ ਵਿਚ, ਇਨਸਾਨ ਨੂੰ ਸਹਾਰੇ ਦੀ ਉਦੋਂ ਲੋੜ ਪੈਂਦੀ ਹੈ,ਜੱਦੋ ਉਹਨੇ ਕੁੱਝ ਨਾ ਕੁੱਝ ਸਿੱਖਣਾ / ਬਣਨਾ ਹੁੰਦਾ ਹੈ। ਬਚਪਣ ‘ਚ ਮਾਂ ਦੀਆਂ ਲੋਰੀਆਂ,ਉਹਦਾ ਪਿਆਰ,ਬਾਪ ਵੱਲੋਂ ਸਿੱਖ-ਸਿਖਲਾਈ ਦਾ ਕਾਰਜ-ਅਤੇ ਅੱਗੋਂ ਪੜ੍ਹਾਈ ਕਰਕੇ ਆਪਣੇ ਪੈਰਾਂ 'ਤੇ ਖੜਣਾ।ਪਰ ਹੈਰਾਨੀ ਦੀ ਗੱਲ ਹੈ ਕਿ ਜਦੋਂ ਹੀ ਉਹਦੇ 'ਤੇ ਜਵਾਨੀ,ਮਸਤਾਨੀ ਆ ਚੜ੍ਹਦੀ ਹੈ ਤਾਂ ਉਹਨੂੰ ਕਿਸੇ ਹਸੀਨ ਸਹਾਰੇ ਦੀ ਬਹੁਤੀ ਲੋੜ ਮਹਿਸੂਸ ਹੋਣ ਲੱਗ ਪੈਂਦੀ ਹੈ। ਦਿਲ ਦੀ ਹਰ ਧੜਕਣ ਅਤੇ ਸਾਹ 'ਚੋ ਆਵਾਜ਼ ਆਉਂਦੀ ਹੈ ਕਿ ਹਾਏ! ਕਿਸੇ ਨਾ ਕਿਸੇ ਤਰ੍ਹਾਂ,ਕੋਈ ਇੱਕ-ਅੱਧ 'ਮਹਿਬੂਬਾ' ਲੱਭ ਜਾਏ ਜਾਂ ਬਣ ਜਾਏ;ਉਹਦਾ ਹੱਥ ਫੜੇ,ਉਹਦੇ ਜੀਵਨ ਦੀ ਰਾਹ ਵਿਚ ਦੀਪ ਰੁਸ਼ਨਾਏ,ਤਾਰੇ ਇਸ਼ਾਰੇ ਕਰਦੇ ਹੋਣ,ਠੰਢੀ ਪੁਰਵਾਈ ਦੇ ਬੁੱਲ੍ਹੇ,ਫੁੱਲਾਂ ਦੀ ਮਹਿਕ,ਬੁਲਬੁਲ ਦੇ ਗੀਤ ਸੁਣਦਿਆਂ-ਸੁਣਦਿਆਂ, ਉਹਨੂੰ ਜ਼ਿੰਦਗੀ ਦੇ ਭੇਤਾਂ ਦਾ ਪਤਾ ਲੱਗਣ ਲੱਗੇ। ਆਪਣੇ ਭੋਲੇ ਚਿਹਰੇ ਦਾ ਆਪ ਹੀ ਮੁਹਤਾਜ ਬਣ ਕੇ ਕਿਸੇ ਦਾ ਸਹਾਰਾ ਲੋਚੇ। ਜੇ ਕਿਸੇ ਨੂੰ ਜਵਾਨੀ ਵਿਚ ਅਜਿਹਾ ਸਹਾਰਾ ਨਾ ਮਿਲੇ ਤਾਂ ਉਹ ਆਪਣੇ ਆਪ ਨੂੰ ਇੰਜ ਮਹਿਸੂਸ ਕਰਦਾ ਜਿਵੇਂ ਜਿਉਣ ਲਈ, ਸਜ਼ਾ ਬਾ-ਮਸ਼ੱਕਤ ਕੱਟ ਰਿਹਾ ਹੋਵੇ। ਬੇ-ਸਹਾਰੇਪਨ ਦਾ ਅਹਿਸਾਸ, ਜਿੰਨਾ ਜਵਾਨੀ ਵਿਚ ਮਹਿਸੂਸ ਹੁੰਦਾ ਹੈ,ਉਨ੍ਹਾਂ ਬੁਢਾਪੇ 'ਚ ਕਦੇ ਨਹੀਂ ਹੁੰਦਾ।

ਜਿਵੇਂ ਪਹਿਲਾਂ ਕਿਹਾ ਹੈ ਕਿ ਬੁਢਾਪਾ ਖ਼ੁਦ ਬੁਢਾਪੇ ਦਾ ਸਹਾਰਾ ਬਣ ਜਾਂਦਾ ਹੈ ਪਰ ਕਈ ਇਸ ਗੱਲ ਤੋਂ ਇਨਕਾਰੀ ਹੋ ਕੇ ਆਪਣੀ ਔਲਾਦ ਨੂੰ ਬੁਢਾਪੇ ਦੀ ਲਾਠੀ ਕਹਿੰਦੇ ਹਨ,ਜਿਸ ਦੇ ਸਹਾਰੇ ਨਾਲ ਬੁਢਾਪੇ ਨੂੰ ਗੁਜ਼ਾਰ ਲੈਂਦੇ ਹਨ। ਪਰ ਅੱਜ ਕਲ ਇਹ 'ਲਾਠੀ' ਅਜਿਹੀ ‘ਲੱਠ’ ਬਣ ਗਈ ਹੈ ਕਿ ਇਹਦੇ ਨਾਲ ਮਾਂ ਬਾਪ 'ਤੇ 'ਲਾਠੀ ਚਾਰਜ' ਕੀਤਾ ਜਾਂਦਾ ਹੈ। ਪਹਿਲੇ ਸਮਿਆਂ ਵਿਚ ਬੱਚੇ ਆਪਣੇ ਮਾਪਿਆ ਪ੍ਰਤੀ ਬਹੁਤ ਆਦਰ,ਮਾਣ ਸਤਿਕਾਰ ਰੱਖਦੇ ਹੁੰਦੇ ਸੀ ਜੋ ਹੌਲੀ-ਹੌਲੀ ਘੱਟ ਗਿਆ ਹੈ,ਸਗੋਂ ਇਸ ਦੇ ਉਲਟ,ਮਾਪਿਆਂ ਨੂੰ ਬੱਚਿਆਂ ਦਾ ਆਦਰ ਕਰਨਾ ਪੈ ਰਹਾ ਹੈ।

ਬੁਢਾਪੇ ਵਿਚ ਆਮ ਦੇਖਿਆਂ ਗਿਆ ਹੈ ਕਿ ਇਹਦੇ ਕੋਲ ਬਿਮਾਰੀਆਂ ਆਪਣੇ ਆਪ ਆ ਜਾਂਦੀਆਂ ਹਨ,ਜਿਨ੍ਹਾਂ ਕਰ ਕੇ ਇਹ ਉਨ੍ਹਾਂ ਦੇ ਦਿਲ ਪ੍ਰਚਾਵੇ ਲਈ ਰੁੱਝਿਆ ਰਹਿੰਦਾ ਹੈ। ਪਿਛਲੇ ਸਾਲ ਤਕ, ਕਿਸੇ ਦੀ ਭਲਾ ਕੀ ਮਜਾਲ ਸੀ ਕਿ ਸਾਡੇ ਮੂੰਹ ਵਿਚ ਭਖ-ਮੇਚੂ (ਥਰਮਾਮੀਟਰ) 'ਪਾ' ਸਕੇ;ਨਬਜ਼ ਦਿਖਾਉਣ ਦੀ ਤਾਂ ਬਹੁਤ ਦੂਰ ਦੀ ਗੱਲ ਹੁੰਦੀ ਸੀ। ਪਰ,ਹੁਣ ਤਾਂ ਸੱਚ-ਮੁੱਚ ਹੀ ਤਿੰਨ ਚਾਰ ਬਿਮਾਰੀਆਂ ਆਪਣੇ ਨਾਲ-ਨਾਲ ਰਹਿਣ ਲੱਗ ਪਈਆਂ ਹਨ, ਜੋ ਦਿਨ-ਰਾਤ ਰੁਝੇਵੇਂ 'ਚ ਰੱਖਦੀਆਂ ਹਨ। ਸਮੇਂ ਸਿਰ ਦਵਾਈ ਖਾਣੀ,ਰੋਟੀ-ਪਾਣੀ ਤੋਂ ਪਰਹੇਜ਼,ਹਸਪਤਾਲ ਦਾ ਚੱਕਰ,ਆ ਕਰੋ,ਉਹ ਨਾ ਕਰੋ। ਹੁਣ ਤਾਂ ਸਵੇਰ ਦੀ ਦਵਾਈ ਖਾ ਕੇ ਦੁਪਹਿਰ ਤਕ ਘੜੀ ਵਲ ਝਾਕਦੇ ਰਹੀਦਾ ਹੈ ਕਿ ਕਦੋਂ ਦਵਾਈ ਦੀ ਦੂਜੀ ਖ਼ੁਰਾਕ ਲੈਣੀ ਹੈ। ਬੁਢਾਪੇ ਨੇ ਵਕਤ ਨੂੰ ਤਕਸੀਮ ਕਰਨਾ ਸਿਖਾ ਖਾ-ਖਾ ਕੇ ਐਨਾ ‘ਅਮਲੀ-ਅਨੁਭਵ’ ਹੋ ਗਿਆ ਹੈ ਕਿ ਦੂਜਿਆਂ ਦੇ ਇਲਾਜ ਵਿਚ ਵੀ ਮਲੋ-ਮਲੀ 'ਟੰਗ' ਅੜ ਜਾਂਦੀ ਹੈ ਜਾਂ ਅੜਾ ਲਈ ਜਾਂਦੀ ਹੈ।

ਆਮ ਤੌਰ 'ਤੇ ਬੁੱਢੇਰੀ ਉਮਰ ਦੇ ਲੋਕ, ਬਿਮਾਰੀ ਨੂੰ ਬਿਮਾਰੀ ਸਮਝ ਲੈਂਦੇ ਹਨ,ਪਰ ਅਸਲ ਵਿਚ ਇਹ ਬਿਮਾਰੀ ਨਹੀਂ ਹੁੰਦੀ,ਸਗੋਂ 'ਸਮ-ਰਾਟ ਦੀ ਸਵਾਰੀ' ਹੁੰਦੀ ਹੈ,ਉਹਦੀ ਜ਼ਿੰਦਗੀ ਦੀ ਸਭ ਤੋਂ ਲੰਬੀ ਸਵਾਰੀ- ਜਿਸ 'ਤੇ ਬੈਠ ਕੇ ਆਖ਼ਰੀ ਸਫ਼ਰ ਲਈ ਤੁਰ ਪੈਣਾ ਹੁੰਦਾ ਹੈ। ਪੁਰਾਣੇ ਸਮੇਂ ਵਿਚ ਇਸ ਸਵਾਰੀ ਨੂੰ 'ਵਿਮਾਨ' ਵੀ ਕਹਿ ਦਿੰਦੇ ਸੀ। ਬੁਢਾਪੇ ਵਿਚ ਕਈ ਵਾਰੀਂ ਆਈਆਂ ਬਹੁਤੀਆਂ 'ਸਵਾਰੀਆਂ' 'ਚ ਲੈ ਜਾਣ ਲਈ ਮੁਕਾਬਲਾ ਹੋ ਜਾਂਦਾ ਹੈ,ਜਿਵੇਂ ਬੱਸ ਅੱਡਿਆਂ 'ਤੇ ਆਮ ਤੌਰ 'ਤੇ ਦੇਖਣ ਨੂੰ ਮਿਲ ਜਾਂਦਾ ਹੈ। ਅਜਿਹੀ ਸਥਿਤੀ ਵਿਚ "ਸਹਾਰੇ" ਬਹੁਤ ਮਿਲ ਜਾਂਦੇ ਹਨ ਪਰ ਜਾਣ ਲਈ ਤਾਂ ਕੇਵਲ ਇੱਕੋ 'ਸਵਾਰੀ' ਦਾ ਹੀ ਸਹਾਰਾ ਚਾਹੀਦਾ ਹੁੰਦਾ ਹੈ,ਜੋ ਉਸ ਨੂੰ ਅਰਬਾਂ-ਖਰਬਾਂ ਮੀਲਾਂ ਦੀ ਦੂਰੀ ਤੇ ਇੰਤਜ਼ਾਰ ਕਰਦੀ 'ਮੰਜ਼ਲ' ਤਕ ਮੁਫ਼ਤ ਲੈ ਜਾਂਦੀ ਹੋਵੇ।

ਅੰਤ-- ਮੇਰੇ ਇੱਕ ਦੋਸਤ ਨੂੰ ਦਮੇ ਦੀ ਬਿਮਾਰੀ ਸੀ,ਉਸ ਦੇ ਇਲਾਜ ਲਈ ਲੱਖਾਂ ਰੁਪਈਏ ਲਾ ਦਿੱਤੇ ਪਰ ਅਸਲ ਵਿੱਚ ਉਹ ਦਿਲ ਦੀ ਬਿਮਾਰੀ ਨਾਲ ਮਰਿਆ। ਉਹਦੇ ਬਚਿਆਂ ਨੂੰ ਜਦ ਇਸ ਗੱਲ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੂੰ ਇਹੀ ਗ਼ਮ ਖਾ ਗਿਆ ਕਿ ਜੇ 'ਬਾਪੂ' ਨੇ ਦਿਲ ਦੇ ਦੌਰੇ ਵਾਲੀ ‘ਸਹਾਰੇ ਦੀ ਸਵਾਰੀ' ਨਾਲ ਮਰਨਾ ਸੀ, ਫਿਰ ਕਿਉਂ ਦਮੇ ਦੇ ਇਲਾਜ ਲਈ,ਸਾਡੇ ਲੱਖਾਂ ਰੁਪਏ ਬਰਬਾਦ ਕਰਵਾ ਗਿਆ?ਸੋ ਦੋਸਤੋ,ਬੁਢਾਪੇ ਦੇ ਸਹਾਰੇ ਬਾਰੇ ਤੁਸੀਂ ਵੀ ਸੋਚ ਵਿਚਾਰ ਕਰ ਸਕਦੇ ਹੋ। ਮੈਨੂੰ ਤਾਂ ਪਤਾ ਹੈ ਕਿ ਮੈਂ ਕਿਸ 'ਸਵਾਰੀ' 'ਤੇ ਜਾਣਾ ਹੈ?

ਲਓ!ਦੱਸ ਹੀ ਦਿੰਦਾ ਹਾਂ- - - ਕਾਲੇ ਰੰਗ ਦੀ ਐਂਬੂਲੈਂਸ ਅਤੇ ਅੱਗੋਂ ਅਗਨ-ਭੱਠੀ। ਸ਼ਾਇਦ ਕੋਈ ਗੋਰੀ ਝਿਊਰੀ,ਇਸ ਅਗਨ ਭੱਠੀ ‘ਤੇ ਆ ਕੇ ,ਮੇਰੀ ਦੇਹੀ ਦੇ ਭੁੰਨੇਗੀ ਦਾਣੇ ; ਹੱਡੀਆਂ ਦੀਆਂ ਬਣਾਏ ਖਿੱਲਾਂ।ਉਸ ਸਮੇਂ ਮੇਰੀ ਰੂਹ ਅਸੀਸ ਦੇਵੇਗੀ —- ਆਮੀਨ! ਸਾਰਿਆਂ ਦਾ ਰੱਬ ਰਾਖਾ!

ਸੁਰਜੀਤ ਸਿੰਘ ਭੁੱਲਰ

ਮਾਲਵਾ ਲਿਖਾਰੀ ਸਭਾ (ਰਜਿ:)ਸੰਗਰੂਰ ਵੱਲੋਂ ਡਾ. ਮੀਤ ਖਟੜਾ ਦਾ ਗ਼ਜ਼ਲ-ਸੰਗ੍ਰਹਿ ‘ਜ਼ਖ਼ਮਾਂ ਦੀ ਲੋਅ’ ਲੋਕ ਅਰਪਣ 7 ਜੂਨ ਨੂੰ

ਸੰਗਰੂਰ, 1 ਜੂਨ (ਰਮੇਸ਼ਵਰ ਸਿੰਘ) ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ 7 ਜੂਨ ਦਿਨ ਐਤਵਾਰ ਨੂੰ ਸਵੇਰ 10:00 ਵਜੇ ਲੇਖਕ ਭਵਨ ਸੰਗਰੂਰ ਵਿਖੇ ਸਭਾ ਦਾ ਤੇਰ੍ਹਵਾਂ ਸਥਾਪਨਾ ਦਿਵਸ ਮਨਾਇਆ ਜਾ ਰਿਹਾ ਹੈ। ਇਸ ਸਮਾਗਮ ਦੀ ਪ੍ਰਧਾਨਗੀ ਸਿਰਮੌਰ ਪੰਜਾਬੀ ਸਾਹਿਤਕਾਰ ਸ. ਧਰਮ ਸਿੰਘ ਕਰਨਗੇ, ਜਿਸ ਵਿੱਚ ਡਾ. ਮੀਤ ਖਟੜਾ ਦਾ ਗ਼ਜ਼ਲ-ਸੰਗ੍ਰਹਿ ‘ਜ਼ਖ਼ਮਾਂ ਦੀ ਲੋਅ’ ਲੋਕ ਅਰਪਣ ਕੀਤਾ ਜਾਵੇਗਾ। ਪੁਸਤਕ ਸਬੰਧੀ ਪਰਚਾ ਡਾ. ਮਨੀਸ਼ਾ ਰਾਣੀ ਪੜ੍ਹਨਗੇ ਅਤੇ ਵਿਚਾਰ-ਚਰਚਾ ਵਿੱਚ ਸੁਰਿੰਦਰ ਸ਼ਰਮਾ ਨਾਗਰਾ, ਜੰਗੀਰ ਸਿੰਘ ਰਤਨ ਅਤੇ ਕਰਮ ਸਿੰਘ ਜ਼ਖ਼ਮੀ ਹਿੱਸਾ ਲੈਣਗੇ। ਸਭਾ ਦੇ ਪ੍ਰੈੱਸ ਸਕੱਤਰ ਪਵਨ ਕੁਮਾਰ ਹੋਸ਼ੀ ਨੇ ਦੱਸਿਆ ਕਿ ਇਸ ਮੌਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਕਵੀ ਦਰਬਾਰ ਵੀ ਹੋਵੇਗਾ। ਸੁਖਵਿੰਦਰ ਸਿੰਘ ਲੋਟੇ ਸਭਾ ਵੱਲੋਂ ਚਲਾਏ ਜਾ ਰਹੇ ਕਵਿਤਾ ਸਕੂਲ ਵਿੱਚ ਅਰੂਜ਼ੀ ਬਹਿਰਾਂ ਦੀ ਸਿਖਲਾਈ ਜਾਰੀ ਰੱਖਣਗੇ ਅਤੇ ਮੰਚ ਸੰਚਾਲਨ ਦੀ ਭੂਮਿਕਾ ਰਜਿੰਦਰ ਸਿੰਘ ਰਾਜਨ ਨਿਭਾਉਣਗੇ। ਸਭਾ ਵਿੱਚ ਆਉਣ ਵਾਲੇ ਲੇਖਕਾਂ ਤੇ ਬੁੱਧੀਜੀਵੀਆਂ ਨੂੰ ਮਾਲਵਾ ਲਿਖਾਰੀ ਸਭਾ ਦੇ ਪ੍ਰਧਾਨ ਕਰਮ ਸਿੰਘ ਜ਼ਖਮੀ ਜੀ ਨੇ ਖ਼ਾਸ ਬੇਨਤੀ ਕੀਤੀ ਹੈ ਕਿ ਸਮੇਂ ਤੇ ਆਓ ਤਾਂ ਜੋ ਤੁਸੀਂ ਹਰ ਤਰ੍ਹਾਂ ਦੇ ਪ੍ਰੋਗਰਾਮ ਵਿੱਚ ਸਹੀ ਸਮੇਂ ਤੇ ਸਹੀ ਹਿੱਸਾ ਲੈ ਸਕੋ।



ਆਪਣੇ ਆਪ ਦੇ ਨਾਲ ਲੁਤਫ਼-ਅੰਦੋਜ਼ ਜ਼ਿੰਦਗੀ ਦੀ ਸ਼ੁਰੂਆਤ ਕਰੋ!

ਜ਼ਮਾਨੇ ਦੀਆਂ ਰੰਗੀਨੀਆਂ ਵਿੱਚ ਆਪਣੇ ਦਿਨ-ਰਾਤ ਗੁਜ਼ਾਰਦਿਆਂ ਮੈਂ ਦੁਨੀਆ ਦੇਖਣ ਦੇ ਸ਼ੌਕ ਵਿੱਚ ਮਸਤ ਜੀਵੀ ਜਾ ਰਿਹਾ ਸਾਂ। ਗ਼ਫ਼ਲਤ ਦਾ ਇਹ ਆਲਮ ਰਿਹਾ ਕਿ ਕਦੇ ਆਪਣੇ ਆਪ ਦੇ ਅੰਦਰ ਰੱਖੀ ਖ਼ੂਬਸੂਰਤੀ ਨਾਲ ਮਿਲਣ ਦਾ ਖ਼ਿਆਲ ਹੀ ਨਹੀਂ ਆਇਆ। ਦੁਨੀਆ ਵਿੱਚ ਕਿੰਨੇ ਐਸੇ ਇਨਸਾਨ ਹਨ ਜੋ ਆਪਣੇ ਆਪ ਨਾਲ ਮਿਲੇ ਹੋਣ? ਮੈਂ ਤਾਂ ਇੱਕ ਮੁੱਦਤ ਤੋਂ ਆਪਣੇ ਆਪ ਦੇ ਨਾਲ ਹੀ ਰਹਿੰਦਾ ਹਾਂ ਤੇ ਇਹ ਸਾਥ ਮੈਨੂੰ ਇਸ ਕਦਰ ਪਸੰਦ ਹੈ ਕਿ ਮੈਂ ਸਾਰੀ ਜ਼ਿੰਦਗੀ ਆਪਣੇ ਆਪ ਦੇ ਨਾਲ ਗੁਜ਼ਾਰ ਲਵਾਂ ਤੇ ਬੋਰੀਅਤ ਦਾ ਅਹਿਸਾਸ ਤੱਕ ਨਾ ਹੋਵੇ। ਮੈਂ ਆਪਣੇ ਅੰਦਰੂਨੀ ਹੁਸਨ ਤੋਂ ਵਾਕਿਫ਼ ਹੋ ਗਿਆ ਹਾਂ। ਮੈਂ ਉਸਨੂੰ ਖੋਜਿਆ, ਫਿਰ ਸਜਾਇਆ, ਫਿਰ ਖ਼ੁਦ ਨੂੰ ਖ਼ੁਦ ਵਿੱਚ ਵਸਾਇਆ। ਇੱਕ-ਇੱਕ ਮਿਆਰੀ ਅਹਿਸਾਸ ਤੇ ਜਜ਼ਬੇ ਨੂੰ ਤਲਾਸ਼ ਕੀਤਾ। ਖ਼ੁਸ਼ੀ ਤੇ ਫ਼ਖ਼ਰ ਦੇਣ ਵਾਲੇ ਅਸੂਲਾਂ ਨੂੰ ਮਿਜ਼ਾਜ-ਏ-ਰੂਹ 'ਤੇ ਲਾਗੂ ਕਰਕੇ ਆਪਣੇ ਅੰਦਰ ਦੀ ਉਸ ਜੰਨਤ ਦਾ ਹਿੱਸਾ ਬਣਾ ਲਿਆ ਜਿਸ ਵਿੱਚ ਮੈਂ ਰਹਿੰਦਾ ਹਾਂ। ਇਹ ਖ਼ੁਦੀ ਵਿੱਚ ਡੁੱਬ ਕੇ ਪਾ ਜਾ ਸੁਰਾਗ਼-ਏ-ਜ਼ਿੰਦਗੀ ਵਾਲੀ ਗੱਲ ਹੈ। ਲੋਕ ਦਿਖਾਵੇ 'ਤੇ ਸਰਮਾਇਆਕਾਰੀ ਕਰਦੇ ਹਨ, ਮੇਰਾ ਵਜੂਦ ਮੇਰਾ ਸਰਮਾਇਆ ਹੈ। ਤਾਹੀਂ ਤਾਂ ਮੈਂ ਆਪਣੇ ਆਪ ਦਾ ਦੋਸਤ ਹੀ ਨਹੀਂ, ਆਸ਼ਿਕ਼ ਹਾਂ ਜੋ ਆਪਣੇ ਆਪ ਦੇ ਨਾਲ ਜੀਣ ਲਈ ਇੱਕ ਜ਼ਿੰਦਗੀ ਨੂੰ ਘੱਟ ਸਮਝਦਾ ਹੈ। ਮੈਨੂੰ ਕੋਈ ਬਾਹਰ ਦਾ ਮੰਜ਼ਰ ਗ਼ਮਜ਼ਦਾ ਨਹੀਂ ਕਰ ਸਕਦਾ ਕਿਉਂਕਿ ਮੈਂ ਕਿਸੇ ਗ਼ੈਰ-ਮਿਆਰੀ ਅਹਿਸਾਸ ਨੂੰ ਆਪਣੇ ਅੰਦਰ ਵਸਣਾ ਤਾਂ ਦੂਰ ਦੀ ਗੱਲ, ਝਾਕਣ ਦੀ ਵੀ ਇਜਾਜ਼ਤ ਨਹੀਂ ਦਿੰਦਾ। ਮੈਂ ਆਪਣੇ ਆਪ ਦਾ ਪਹਿਰਾ ਦਿੰਦਾ ਹਾਂ। ਲੋਕ ਦੁਨਿਆਵੀ ਚੀਜ਼ਾਂ ਦੇ ਖੁੱਸ ਜਾਣ ਦੇ ਡਰੋਂ ਹਿਫ਼ਾਜ਼ਤੀ ਹਿਸਾਰ ਬਣਾਉਂਦੇ ਹਨ, ਤਾਂ ਮੇਰੇ ਅੰਦਰ ਨੂਰਾਨੀ ਅਲਾਮਤਾਂ ਸਮਾਈਆਂ ਹੋਈਆਂ ਹਨ। ਮੈਨੂੰ ਉਨ੍ਹਾਂ ਲਈ ਕੁਝ ਤਾਂ ਅਸੂਲ-ਵ-ਜ਼ਵਾਬਤ ਲਾਗੂ ਰੱਖਣੇ ਚਾਹੀਦੇ ਹਨ ਜਿਨ੍ਹਾਂ 'ਤੇ ਸਮਝੌਤਾ ਨਾ ਕੀਤਾ ਜਾ ਸਕੇ।

ਜੋ ਲੋਕ ਆਪਣੇ ਆਪ ਦੀ ਅਹਿਮੀਅਤ ਤੋਂ ਨਾਵਾਕਿਫ਼ ਰਹਿੰਦੇ ਹਨ, ਉਹ ਕਿਸੇ ਨੂੰ ਖ਼ੂਬਸੂਰਤ ਤਸੱਵੁਰ ਕਰਕੇ ਆਪਣੇ ਅੰਦਰ ਵਸਾ ਲੈਂਦੇ ਹਨ ਤੇ ਵਕਤ ਇਸ ਫ਼ੈਸਲੇ ਨੂੰ ਗ਼ਲਤ ਸਾਬਤ ਕਰ ਦਿੰਦਾ ਹੈ ਕਿ ਸਸਤੇ ਇਨਸਾਨ 'ਤੇ ਮਹਿੰਗਾ ਜਜ਼ਬਾ ਕੁਰਬਾਨ ਕਰ ਦੇਣ ਨਾਲ ਉਨ੍ਹਾਂ ਦੀਆਂ ਖ਼ਸਲਤਾਂ ਬਦਲ ਨਹੀਂ ਜਾਂਦੀਆਂ। ਖ਼ਾਹਿਸ਼-ਏ-ਨਫ਼ਸ ਤੇ ਜਜ਼ਬਾ-ਏ-ਮੁਹੱਬਤ ਵਿੱਚ ਵੱਡਾ ਫ਼ਰਕ ਹੁੰਦਾ ਹੈ। ਮੁਹੱਬਤ ਦੇ ਰੂਹਾਨੀ ਜਜ਼ਬੇ ਤੋਂ ਨਾਵਾਕਿਫ਼ ਲੋਕ ਖ਼ਾਹਿਸ਼-ਏ-ਨਫ਼ਸ ਦੀ ਗ਼ਰਜ਼ ਨਾਲ ਬੇ-ਮੰਜ਼ਿਲ ਸਫ਼ਰ ਵਿੱਚ ਦਿਲ ਥਕਾ ਲੈਂਦੇ ਹਨ। ਖ਼ਾਹਿਸ਼-ਏ-ਨਫ਼ਸ ਵਜੂਦ ਤੋਂ ਵਜੂਦ ਦਾ ਆਰਜ਼ੀ ਤਾਅਲੁਕ਼ ਹੈ, ਮਗਰ ਮੁਹੱਬਤ ਰੂਹ ਤੋਂ ਰੂਹ ਦਾ ਮੁਸਤਕਿਲ ਰਿਸ਼ਤਾ ਹੈ। ਸ਼ਰਮ-ਓ-ਹਯਾ ਵਿੱਚ ਲਿੱਪੀ ਹੋਈ ਮੁਹੱਬਤ ਇਸ਼ਕ਼ ਜਿਹੀ ਹੁੰਦੀ ਹੈ, ਯਾਨੀ ਜਿਸਮ ਦੀ ਗ਼ੈਰ-ਮੌਜੂਦਗੀ ਵਿੱਚ ਰੂਹਾਂ ਦਾ ਮਿਲਾਪ ਰਹਿੰਦਾ ਹੈ।

ਮੇਰੀ ਤਾਂ ਖੋਜ ਹੀ ਅਨਮੋਲ ਹੈ। ਮੈਂ ਆਪਣੀ ਰੂਹ ਨੂੰ ਸੰਵਾਰਿਆ ਤਾਂ ਮੇਰਾ ਵਜੂਦ ਉਸਦਾ ਆਸ਼ਿਕ਼ ਹੋ ਗਿਆ। ਇਸੇ ਲਈ ਮੈਨੂੰ ਇਸ ਖ਼ੁਦ-ਗ਼ਰਜ਼ ਦੌਰ ਵਿੱਚ ਆਪਣੇ ਆਪ ਦੇ ਨਾਲ ਰਹਿਣਾ ਕਰਾਰ ਦਿੰਦਾ ਹੈ।

ਹੁਣ ਇਹ ਮੋਅਜਿਜ਼ਾ ਹੁੰਦਾ ਕਿਵੇਂ ਹੈ, ਇਸਨੂੰ ਵੀ ਜਾਣ ਲਓ ਤਾਂ ਜੋ ਤੁਹਾਨੂੰ ਆਪਣੇ ਆਪ ਤੱਕ ਪਹੁੰਚਣ ਦਾ ਰਾਜ਼ ਮਾਲੂਮ ਹੋ ਸਕੇ। ਮੇਰੀ ਜ਼ਿੰਦਗੀ ਵਿੱਚ ਇੱਕ ਮਾਯੂਸ ਵਕਤ ਵੀ ਠਹਿਰਾ ਰਿਹਾ ਸੀ ਜਦੋਂ ਮੈਨੂੰ ਆਪਣੇ ਹੋਣ 'ਤੇ ਅਫ਼ਸੋਸ ਸੀ ਕਿ ਮੈਂ ਪੈਦਾ ਹੀ ਕਿਉਂ ਹੋਇਆ। ਮੈਂ ਆਪਣੀ ਸਾਲਗਿਰਹ ਦੇ ਦਿਨ ਸਿਆਹ ਲਿਬਾਸ ਪਹਿਨ ਕੇ ਫ਼ਾਕਾ ਕੀਤਾ ਕਰਦਾ ਸਾਂ। ਬੇ-ਫ਼ੈਜ਼ ਮੰਜ਼ਿਲਾਂ ਦੇ ਸਫ਼ਰਾਂ ਵਿੱਚ ਆਪਣੇ ਵਜੂਦ ਨੂੰ ਥਕਾਉਣ ਦੀ ਵਜ੍ਹਾ ਨਾਲ ਮੇਰੀ ਸਿਹਤ ਜਵਾਬ ਦੇ ਗਈ ਤੇ ਡਾਕਟਰ ਨੇ ਮੈਨੂੰ ਸਕੂਨ-ਓ-ਇਤਮੀਨਾਨ ਲਈ ਬਿਸਤਰ 'ਤੇ ਲੇਟ ਕੇ ਇੱਕ ਸਾਲ ਆਰਾਮ ਕਰਨ ਦੀ ਤਾਕੀਦ ਕਰ ਦਿੱਤੀ, ਜੋ ਹੌਸਲਾ-ਅਫ਼ਜ਼ਾਈ ਤੋਂ ਮਹਿਰੂਮ ਸੀ, ਜਿਸਨੇ ਮੇਰਾ ਸਿਹਤਮੰਦ ਹੋਣ ਦਾ ਯਕੀਨ ਕਮਜ਼ੋਰ ਕਰ ਦਿੱਤਾ।

ਇੱਕ ਸਾਲ ਬਿਸਤਰ 'ਤੇ ਬੀਮਾਰ ਪਏ ਰਹਿਣਾ... ਜਾਂ ਸ਼ਾਇਦ ਮੌਤ ਦਾ ਇੰਤਜ਼ਾਰ ਕਰਦੇ ਰਹਿਣਾ... ਮੈਂ ਖ਼ੌਫ਼ ਨਾਲ ਕੰਬ ਜਾਂਦਾ... ਆਖ਼ਿਰ ਕਿਉਂ... ਕਿਸ ਲਈ... ਮੈਂ ਕਿਹੜਾ ਜੁਰਮ ਕੀਤਾ ਹੈ? ਜੋ ਇਸ ਸਜ਼ਾ ਦਾ ਮੁਸਤਹਿਕ਼ ਕ਼ਰਾਰ ਪਾਇਆ?

ਮੈਂ ਰੋਂਦਾ ਤੇ ਬੈਨ ਕਰਦਾ, ਮੇਰੇ ਮਿਜ਼ਾਜ਼ ਵਿੱਚ ਤਲਖ਼ੀ ਭਰ ਗਈ ਤੇ ਜ਼ਿਹਨ ਬਗ਼ਾਵਤ 'ਤੇ ਉੱਤਰ ਆਇਆ... ਜਿਵੇਂ ਕਿਸੇ ਵੱਡੇ ਸਦਮੇ ਦੇ ਮੌਕੇ 'ਤੇ ਰੋਣ ਤੇ ਬੈਨ ਕਰਨ ਦੇ ਬਾਅਦ ਰੂਹ ਦਾ ਦੁੱਖ ਸ਼ਿੱਦਤ ਤੋਂ ਥੱਲੇ ਉੱਤਰ ਆਉਂਦਾ ਹੈ। ਇਸ ਫ਼ਿਤਰਤੀ ਅਮਲ ਤੋਂ ਗੁਜ਼ਰਨ ਦੇ ਬਾਅਦ ਮੈਂ ਆਪਣੇ ਆਪ ਨੂੰ ਦਿਲਾਸਾ ਦਿੰਦੇ ਹੋਏ ਪੁੱਛਿਆ ਕਿ ਤੁਹਾਡਾ ਕੀ ਖ਼ਿਆਲ ਹੈ, ਸਾਲ ਭਰ ਬਿਸਤਰ 'ਤੇ ਪਏ ਰਹਿਣਾ ਵੱਡਾ ਅਲਮੀਆ ਹੈ? ਨਹੀਂ, ਐਸਾ ਨਹੀਂ। ਤੁਹਾਨੂੰ ਸੋਚਣ ਤੇ ਆਪਣੇ ਆਪ ਨੂੰ ਜਾਣਨ ਲਈ ਵਕਤ-ਓ-ਮਾਹੌਲ ਮਿਲ ਜਾਵੇਗਾ। ਤੁਸੀਂ ਅਗਲੇ ਕੁਝ

ਜ਼ਫ਼ਰ ਇਕਬਾਲ ਜ਼ਫ਼ਰ(ਲਹਿੰਦਾ ਪੰਜਾਬ)

ਮਹੀਨਿਆਂ ਵਿੱਚ ਹੀ ਇੰਨੀ ਰੂਹਾਨੀ ਤਰੱਕੀ ਹਾਸਲ ਕਰ ਲਓਗੇ ਜੋ ਸ਼ਾਇਦ ਸਾਰੀ ਜ਼ਿੰਦਗੀ ਨਾ ਕਰ ਸਕਦੇ।

ਇਸ ਖ਼ਿਆਲ ਦੇ ਬਾਅਦ ਮੈਂ ਖ਼ਾਮੋਸ਼ ਹੋ ਗਿਆ, ਆਪਣੀਆਂ ਗੱਲ੍ਹਾਂ ਤੋਂ ਹੰਝੂ ਸਾਫ਼ ਕੀਤੇ ਤੇ ਕਦਰਾਂ ਦੇ ਨਵੇਂ ਅਹਿਸਾਸ ਪੈਦਾ ਕਰਨ ਵਿੱਚ ਮਗਨ ਹੋ ਗਿਆ। ਰੂਹਾਨੀ ਤੇ ਵਜਦਾਨੀ ਕਿਤਾਬਾਂ ਦਾ ਮੁਤਾਲਿਆ ਸ਼ੁਰੂ ਕੀਤਾ ਜਿਸ ਤੋਂ ਪਤਾ ਚੱਲਿਆ ਕਿ, ਜੋ ਤੁਹਾਡੇ ਸ਼ੁਊਰ ਤੇ ਵਜਦਾਨ ਦੇ ਅੰਦਰ ਹੈ, ਤੁਸੀਂ ਸਿਰਫ਼ ਉਸੇ ਦਾ ਇਜ਼ਹਾਰ ਕਰ ਸਕਦੇ ਹੋ। ਇਹ ਲਫ਼ਜ਼ ਮੇਰੇ ਦਿਲ ਦੀਆਂ ਗਹਿਰਾਈਆਂ ਵਿੱਚ ਉੱਤਰੇ ਤੇ ਉੱਥੇ ਹੀ ਜਾ-ਗਜ਼ੀਂ ਹੋ ਗਏ।

ਮੈਂ ਕ਼ੁਵੱਤ-ਬਖ਼ਸ਼ ਖ਼ਿਆਲਾਤ ਸੋਚਣ ਦੀ ਕੋਸ਼ਿਸ਼ ਨਾਲ ਜ਼ਿੰਦਾ ਰਹਿਣ ਦੇ ਕਾਮਯਾਬ ਸਹਾਰੇ ਤਖ਼ਲੀਕ਼ ਕਰਦਾ ਚਲਿਆ ਗਿਆ। ਖ਼ੁਸ਼ੀ, ਮਸਰੱਤ ਤੇ ਸਿਹਤ ਦੇ ਖ਼ਿਆਲ ਹਰ ਰੋਜ਼ ਸੌਂਦੇ-ਜਾਗਦੇ ਵਕਤ ਮੇਰਾ ਮਾਮੂਲ ਬਣੇ ਰਹੇ। ਮੈਂ ਉਨ੍ਹਾਂ ਚੀਜ਼ਾਂ ਨੂੰ ਯਾਦ ਕਰਦਾ ਜਿਨ੍ਹਾਂ ਦਾ ਸ਼ੁਕਰਗੁਜ਼ਾਰ ਸਾਂ। ਜਿੱਥੇ ਮੇਰੇ ਤੋਂ ਦੁਨੀਆ ਖੁੱਸ ਰਹੀ ਸੀ, ਉੱਥੇ ਮੈਂ ਆਪਣੇ ਆਪ ਲਈ ਇੱਕ ਨਾਯਾਬ ਦੁਨੀਆ ਤਖ਼ਲੀਕ਼ ਕਰ ਲਈ ਜੋ ਸਿਰਫ਼ ਮੇਰੀ ਸੀ। ਰੂਹ-ਅਫ਼ਜ਼ਾ ਮੌਸੀਕ਼ੀ, ਕਿਤਾਬਾਂ ਤੇ ਲਜ਼ੀਜ਼ ਖਾਣੇ, ਆਪਣੇ ਆਪ ਦੀ ਹੌਸਲਾ-ਬਖ਼ਸ਼ ਇਆਦਤ-ਓ-ਮੇਜ਼ਬਾਨੀ, ਇਲਹਾਮੀ ਕੈਫ਼ੀਅਤਾਂ ਤੇ ਤਸੱਵੁਰਾਤੀ ਜਹਾਨਾਂ ਦੀ ਸੈਰ, ਅਹਿਸਾਸਾਤ-ਓ-ਜਜ਼ਬਾਤ ਦੇ ਲੁਤਫ਼-ਅੰਦੋਜ਼ ਨਜ਼ਾਰਿਆਂ ਦੀ ਤਨਹਾਈ ਵਿੱਚ ਮਹਿਫ਼ਿਲਾਂ। ਮੈਂ ਆਪਣੇ ਅੰਦਰ ਮੌਜੂਦ ਤੋਹਫ਼ਾ-ਏ-ਖ਼ੁਦਾਵੰਦੀ ਜਿਸਮਾਨੀ-ਓ-ਰੂਹਾਨੀ ਤਾਕਤਾਂ ਨਾਲ ਜਾਨ-ਲੇਵਾ ਬੀਮਾਰੀ ਦੇ ਉਨ੍ਹਾਂ ਦਿਨਾਂ ਨੂੰ ਨਵੀਂ ਤੇ ਬਿਹਤਰ ਜ਼ਿੰਦਗੀ ਵਿੱਚ ਬਦਲ ਕੇ ਰੱਖ ਦਿੱਤਾ। ਜਿਸਮਾਨੀ ਬੀਮਾਰੀਆਂ ਦੇ ਨਾਲ-ਨਾਲ ਰੂਹਾਨੀ ਬੀਮਾਰੀਆਂ ਤੋਂ ਵੀ ਨਿਜਾਤ ਦੀ ਕਾਮਯਾਬੀ ਹਾਸਲ ਕਰ ਲੈਣਾ ਕੋਈ ਆਮ ਗੱਲ ਨਹੀਂ ਸੀ।

ਮੈਂ ਤਹਿ-ਏ-ਦਿਲ ਤੋਂ ਨਾਯਾਬ ਤੇ ਮਸਰੱਤਾਂ ਨਾਲ ਲੱਦੇ-ਫੰਦੇ ਉਸ ਸਾਲ ਦਾ ਮਸ਼ਕੂਰ ਹਾਂ ਜੋ ਬੀਮਾਰੀ ਦੇ ਬਿਸਤਰ 'ਤੇ ਗੁਜ਼ਰਿਆ, ਜੋ ਹੈਰਤਾਂ ਦੇ ਜਹਾਨ ਵਿੱਚ ਜੀਣ ਦੀ ਵਜ੍ਹਾ ਬਣਿਆ।

ਮੈਂ ਹਰ ਰੋਜ਼ ਆਪਣੀਆਂ ਨਿਅਮਤਾਂ ਨੂੰ ਗਿਣਨ ਦੀ ਆਦਤ ਅਪਣਾਈ ਜੋ ਮੇਰਾ ਕੀਮਤੀ ਅਸਾਸਾ ਬਣੀ। ਮੈਨੂੰ ਇਹ ਤਸਲੀਮ ਕਰਦੇ ਨਦਾਮਤ ਹੁੰਦੀ ਹੈ ਕਿ ਜਦੋਂ ਤੱਕ ਮੇਰੇ 'ਤੇ ਮੌਤ ਦਾ ਖ਼ੌਫ਼ ਗ਼ਾਲਿਬ ਨਾ ਆਇਆ, ਮੈਨੂੰ ਜੀਣ ਦਾ ਢੰਗ ਨਾ ਆਇਆ। ਇਨਸਾਨੀ ਜ਼ਿੰਦਗੀ ਨੂੰ ਦਰਪੇਸ਼ ਹਾਦਸੇ ਖੁੱਲ੍ਹ ਕੇ ਖਿਲਣ ਦਾ ਪੈਗ਼ਾਮ-ਏ-ਹਯਾਤ ਵੀ ਤਾਂ ਹੋ ਸਕਦੇ ਹਨ। ਹਰ ਵਾਕਿਏ ਦੇ ਰੌਸ਼ਨ ਪਹਿਲੂ ਵੱਲ ਦੇਖਣ ਦੀ ਆਦਤ ਕਸੀਰ ਮਾਲੀ ਆਮਦਨੀ ਤੋਂ ਜ਼ਿਆਦਾ ਕੀਮਤੀ ਹੈ।

ਇਸ ਜੁਮਲੇ ਨੇ ਅਕਲ ਦੇ ਦਰਿਆ ਨੂੰ ਕੂਜ਼ੇ ਵਿੱਚ ਬੰਦ ਕਰ ਦਿੱਤਾ ਹੈ ਕਿ, ਜ਼ਿੰਦਗੀ ਦੇ ਸਿਰਫ਼ ਦੋ ਮਕਸਦ ਹਨ: ਪਹਿਲਾ, ਜੋ ਤੁਸੀਂ ਚਾਹੁੰਦੇ ਹੋ ਉਸਨੂੰ ਹਾਸਲ ਕਰਨਾ। ਦੂਜਾ, ਫਿਰ ਉਸ ਤੋਂ ਲੁਤਫ਼ ਉਠਾਉਣਾ। ਸਿਰਫ਼ ਅਕਲਮੰਦ ਲੋਕ ਹੀ ਦੂਜੇ ਮਕਸਦ ਨੂੰ ਪਾ ਸਕਦੇ ਹਨ। ਜੇ ਤੁਸੀਂ ਪਰੇਸ਼ਾਨੀਆਂ ਨੂੰ ਦੂਰ ਕਰਕੇ ਨਵੀਂ ਜ਼ਿੰਦਗੀ ਸ਼ੁਰੂ ਕਰਨਾ ਚਾਹੁੰਦੇ ਹੋ ਤਾਂ ਆਪਣੀਆਂ ਜ਼ਹਮਤਾਂ ਨੂੰ ਨਹੀਂ, ਬਲਕਿ ਆਪਣੀਆਂ ਰਹਿਮਤਾਂ ਨੂੰ ਸ਼ੁਮਾਰ ਕਰੋ।

ਪੁਲਿਸ ਦੀ ਗੋਲੀ ਨਾਲ ਹਮਲਾਵਰ ਢੇਰ

ਵੈਨਕੂਵਰ, ਮਈ(ਮਲਕੀਤ ਸਿੰਘ) ਕੈਨੇਡਾ ਦੇ ਸ਼ਹਿਰ ਸਰੀ ਦੇ ਹੋਲੈਂਡ ਪਾਰਕ ਵਿੱਚ ਇੱਕ ਹਮਲਾਵਰ ਨੂੰ ਪੁਲਿਸ ਦੀ ਗੋਲੀ ਨਾਲ ਢੇਰ ਕੀਤੇ ਜਾਣ ਦੀ ਸੂਚਨਾ ਹੈ ਪ੍ਰਾਪਤ ਵੇਰਵਿਆਂ ਅਨੁਸਾਰ ਮਾਰਿਆ ਗਿਆ ਵਿਅਕਤੀ ਉਸ ਦਿਨ ਓਲਡ ਯੇਲ ਰੋਡ 'ਤੇ ਵਾਪਰੀ ਚਾਕੂਬਾਜ਼ੀ ਦੀ ਵਾਰਦਾਤ ਵਿੱਚ ਸ਼ਾਮਲ ਸੀ। ਦੱਸਿਆ ਜਾ ਰਿਹਾ ਹੈ ਕਿ ਉਸ ਨੇ ਇੱਕ ਇਮਾਰਤ ਵਿੱਚ ਦੋ ਲੋਕਾਂ 'ਤੇ ਚਾਕੂ ਨਾਲ ਹਮਲਾ ਕੀਤਾ ਸੀ, ਜਿਨ੍ਹਾਂ ਵਿੱਚੋਂ ਇੱਕ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਦੂਜਾ ਗੰਭੀਰ ਜ਼ਖ਼ਮੀ ਹੈ। ਵਾਰਦਾਤ ਤੋਂ ਬਾਅਦ ਮੁਲਜ਼ਮ ਮੌਕੇ ਤੋਂ ਫਰਾਰ ਹੋ ਗਿਆ ਸੀ। ਸਰੀ ਪੁਲਿਸ ਦੇ ਅਧਿਕਾਰੀਆਂ ਨੇ ਮੁਲਜ਼ਮ ਨੂੰ ਹੋਲੈਂਡ ਪਾਰਕ ਵਿੱਚ ਘੇਰਨ ਉਪਰੰਤ ਉਸ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ ਗਈ ਪ੍ਰੰਤੂ ਜਦੋਂ ਉਹ ਉਥੋਂ ਭੱਜਣ ਲੱਗਾ ਤਾਂ ਮਜਬੂਰ ਪੁਲਿਸ ਵੱਲੋਂ ਮੁਲਜ਼ਮ ਦੀ ਲੱਤ ਵਿੱਚ ਗੋਲੀਆਂ ਮਾਰੀਆਂ ਗਈਆਂ ਗੰਭੀਰ ਰੂਪ ਵਿੱਚ ਜ਼ਖ਼ਮੀ ਮੁਲਜ਼ਮ ਨੇ ਹਸਪਤਾਲ ਜਾ ਕੇ ਦਮ ਤੋੜ ਦਿੱਤਾ।

ਬੁੱਧ ਧੰਮ ਦੀਆਂ ਸਿੱਖਿਆਵਾਂ ਦੇ ਪ੍ਰਚਾਰ ਦਾ 5 ਦਿਨਾਂ ਸਿਵਰ ਹਿਮਾਚਲ ਪ੍ਰਦੇਸ਼ ਵਿਖੇ ਸੰਪੰਨ ਹੋਇਆ: ਰਾਜ ਕੁਮਾਰ ਬੋਧ

ਵਿੱਚ ਵੀ ਅਗਾਹ ਵਧਾਇਆ ਜਾ ਰਿਹਾ ਹੈ।

ਮਿਤੀ 25-05-26 ਤੋਂ ਹਿਮਾਚਲ ਪ੍ਰਦੇਸ਼ ਦੀ ਧਰਤੀ ਤੇ ਇੱਕ ਗੰਭੀਰ ਚਿੰਤਨ ਮਈ ਸਿਵਰ ਲਗਾਇਆ ਗਿਆ ਜੋ ਕਿ ਪਾਲਮਪੁਰ ਤੋਂ ਬੈਜਨਾਥ ਅਤੇ ਬੈਜਨਾਥ ਤੋਂ ਵੀੜ (ਡਿਅਰ ਪਾਰਕ) ਵਿਖੇ ਲਗਾਇਆ ਗਿਆ। ਜਿਸ ਵਿੱਚ ਰਾਜਸਥਾਨ, ਉੜੀਸਾ, ਛੱਤੀਸਗੜ੍ਹ, ਹਰਿਆਣਾ, ਨਾਗਪੁਰ, ਕੱਲਕੱਤਾ, ਮੁੰਬਈ, ਉਤਰ-ਪ੍ਰਦੇਸ਼, ਬਿਹਾਰ, ਤਾਮਿਲਨਾਡੂ ਆਦਿ ਵੱਖ-ਵੱਖ ਪ੍ਰਾਂਤਾ ਤੋਂ ਬੋਧ ਧੰਮ ਨੂੰ ਪਿਆਰ ਕਰਨ ਵਾਲੇ ਧੰਮ ਬੰਧੂ ਪਹੁੰਚੇ।

ਪੰਜਾਬ ਤੋਂ ਵੀ ਵਿਸ਼ਵ ਬੋਧ ਸੰਘ ਪੰਜਾਬ (ਰਜਿ) ਵਲੋਂ ਪ੍ਰਧਾਨ ਰਾਜ ਕੁਮਾਰ ਬੋਧ ਸਮੇਤ 6 ਸਾਥੀ ਇਸ ਸਿਵਰ ਵਿੱਚ ਸਾਮਲ ਹੋਏ ਅਤੇ ਉਸ ਪਹਾੜੀ ਵਾਤਾਵਰਣ ਵਿੱਚ ਰਹਿੰਦੇ ਹੋਏ ਪੂਰੇ ਪੰਜ ਦਿਨ ਧੰਮ ਦੀ ਸਿੱਖਿਆ ਨੂੰ ਆਪਣੇ ਆਚਰਣ ਉੱਤੇ ਲਾਗੂ ਕੀਤਾ।

ਸਵੇਰੇ 6 ਵਜੇ ਤੋਂ ਲੈ ਕੇ ਸਾਮ ਦੇ 8 ਵਜੇ ਤੱਕ ਕਲਾਸ਼ਾ ਲਗਾਈਆ ਗਈਆ ਜਿਸ ਵਿੱਚ ਸਵੇਰ ਦੀ ਕਲਾਸ ਮੈਡੀਟੇਸ਼ਨ ਦੀ ਕਲਾਸ ਹੁੰਦੀ ਸੀ ਅਤੇ ਬਾਅਦ ਵਿੱਚ ਪੂਜਨੀਯ ਭੰਤੇ ਉਪਾਨੰਦ ਜੀ ਵਲੋਂ ਧੰਮ ਸੂਤਰਾਂ ਦੇ ਅਰਥ ਸਮਝਾਏ ਜਾਂਦੇ ਸਨ। ਧੰਮਾਚਾਰੀਆ ਕਬੀਰ ਜੀ ਅਤੇ ਪੂਜਨੀਯ ਭੰਤੇ ਅਨੰਦ ਜੀ ਵਲੋਂ ਵੀ ਮਹਾਂਯਾਨ ਪਰੰਪਰਾ ਵਾਰੇ ਸੰਖੇਪ ਵਿੱਚ ਸਮਝਾਇਆ ਗਿਆ।

ਇਸ ਤੋਂ ਇਲਾਵਾ ਧੰਮ ਦੀਆਂ ਫਿਲਮਾਂ ਵੀ ਦਿਖਾਈਆ ਜਾਂਦੀਆ ਸਨ ਅਤੇ ਧੰਮ ਸਿੱਖਿਆ ਦੇਣ ਲਈ ਬਹੁਤ ਹੀ ਵਿਸ਼ਾਲ ਅਤੇ ਸਾਫ ਸੁਥਰੀਆਂ ਮਨੋਸਿਟਰੀਆ ਵੀ ਦਿਖਾਈਆ ਗਈਆ।

ਪੰਜਾਬ ਦੀ ਟੀਮ ਨੂੰ ਇਸ ਸਿਵਰ ਵਿੱਚ ਜਾ ਕੇ ਬਹੁਤ ਹੀ ਅਨੰਦ ਅਤੇ ਸਾਂਤੀ ਦਾ ਅਹਿਸਾਸ ਹੋਇਆ ਅਤੇ ਉਹਨਾਂ ਸਾਰੇ ਧੰਮ ਬੰਧੂਆ ਲਈ ਮੰਗਲ ਮੈਤਰੀ ਕੀਤੀ। ਸਭ ਨੇ ਇੱਕ ਦੂਸਰੇ ਨਾਲ ਜਾਣ ਪਹਿਚਾਣ ਬਣਾਈ ਜੋ ਕਿ ਧੰਮ ਦੀ ਪਹਿਲੀ ਸਿੱਖਿਆ ਹੈ।

ਰਾਜ ਕੁਮਾਰ ਬੋਧ ਵਲੋ ਆਪਣੇ ਨਾਲ ਗਏ ਸਾਥੀਆ ਦਾ ਧੰਨਵਾਦ ਕੀਤਾ ਗਿਆ ਜਿਸ ਵਿੱਚ ਸੁਰਜੀਤ ਕੋਰ, ਰਾਜਵਿੰਦਰ ਕੋਰ, ਖੁਸਪ੍ਰੀਆ, ਰਾਜਿੰਦਰ ਕੁਮਾਰ ਅਤੇ ਕੁਲਵਿੰਦਰ ਸਿੰਘ ਜੋ ਕਿ ਬਠਿੰਡੇ ਰਹਿੰਦੇ ਹਨ।

ਮਿਸਟਰ ਪ੍ਰਵੀਨ ਜੀ, ਜੋ ਕਿ ਸਿਵਰ ਦੀ ਪੂਰੀ ਦੇਖ ਰੇਖ ਕਰਦੇ ਸਨ , ਦਾ ਵੀ ਸਭ ਸਾਥੀਆ ਨੇ ਬਹੁਤ ਹੀ ਮੰਗਲ ਮੈਤਰੀ ਪੂਰਵਕ ਧੰਨਵਾਦ ਕੀਤਾ। ਇਹ ਸਿਵਰ ਮਿਤੀ 30-05-2026 ਨੂੰ ਸਮਾਪਤ ਹੋਇਆ।

ਵਾਰਡ ਨੰਬਰ 11 ਤੋਂ ਬਣੇ ਨਵੇਂ ਕੌਂਸਲਰ ਸ੍ਰੀਮਤੀ ਸਰਬਜੀਤ ਕੌਰ ਦਾ ਸਵਾਗਤ ਕੀਤਾ ਗਿਆ - ਰਾਜ ਕੁਮਾਰ ਬੋਧ

ਮਿਤੀ 26 ਮਈ 2026 ਨੂੰ ਪੰਜਾਬ ਵਿੱਚ ਨਗਰ ਕੋਸ਼ਲ ਦੀ ਕਮੇਟੀ ਦੇ ਇਲੈਕਸ਼ਨ ਕਰਵਾਏ ਗਏ ਜਿਸ ਵਿੱਚ ਨਕੋਦਰ ਤੋਂ ਵਾਰਡ ਨੂੰ 11 ਤੋਂ ਬਣੇ ਕੋਸ਼ਲਰ ਸ੍ਰੀਮਤੀ ਸਰਬਜੀਤ ਕੋਰ ਪਤਨੀ ਸਮਾਜ ਸੇਵਕ ਸੁਦੇਸ਼ ਚਾਹਲ ਜੀ ਦਾ ਜਿੱਤਣ ਦੀ ਖੁਸੀ ਵਿੱਚ ਸੁਵਾਗਤ ਕੀਤਾ ਗਿਆ ਅਤੇ ਉਹਨਾਂ ਨੂੰ ਬਹੁਤ ਬਹੁਤ ਮੁਬਾਰਕਾਂ ਦਿੱਤੀਆ ਗਈਆ। ਸ੍ਰੀਮਤੀ ਸਰਬਜੀਤ ਕੋਰ ਜੀ ਬਸਪਾ ਪਾਰਟੀ ਵਲੋਂ ਉਮੀਦਵਾਰ ਸਨ ਅਤੇ ਉਹਨਾਂ ਅਜਾਦ ਉਮੀਦਵਾਰ ਵਜੋਂ ਜਿੱਤ ਪ੍ਰਾਪਤ ਕੀਤੀ ਹੈ। ਸ੍ਰੀਮਤੀ ਸਰਬਜੀਤ ਕੋਰ ਜੀ ਵਲੋਂ ਆਪਣੇ ਵਾਰਡ ਦੇ ਸਾਰੇ ਵੋਟਰਾਂ ਦਾ ਹੱਥ ਜੋੜ ਕੇ ਧੰਨਵਾਦ ਕੀਤਾ ਗਿਆ । ਮਹੁੱਲਾ ਗੁਰੂ ਰਵਿਦਾਸ ਪੁਰਾ , ਮੁਹੱਲਾ ਊਧਮ ਸਿੰਘ ਨਗਰ ਅਤੇ ਲਾਈਵਾਲ ਦੇ ਸਾਰੇ ਵੋਟਰਾਂ ਦਾ ਧੰਨਵਾਦ ਕਰਦੇ ਹੋਏ ਉਹਨਾਂ ਵਾਰਡ ਦੇ ਸਾਰੇ ਕੰਮਾਂ ਨੂੰ ਕਰਵਾਉਣ ਦਾ ਕੀਤਾ ਵਾਅਦਾ ਨਿਭਾਉਣ ਦਾ ਸੰਕਲਪ ਲਿਆ।

ਉਧਮ ਸਿੰਘ ਨਗਰ ਵਿੱਚ ਉਹਨਾਂ ਦਾ ਦਿਲੋ ਸੁਵਾਗਤ ਕੀਤਾ ਗਿਆ ਅਤੇ ਵਾਰਡ ਦੇ ਸਾਰੇ ਕੰਮਾਂ ਨੂੰ ਪਹਿਲ ਦੇ ਅਧਾਰ ਤੇ ਕਰਵਾਉਣ ਲਈ ਬੇਨਤੀ ਕੀਤੀ ਗਈ। ਰਾਜ ਕੁਮਾਰ ਬੋਧ ਅਤੇ ਉਹਨਾਂ ਦੇ ਪੂਰੇ ਪਰਿਵਾਰ ਵਲੋਂ ਉਹਨਾਂ ਦੀ ਜਿੱਤ ਦੀ ਖੁਸ਼ੀ ਮਨਾਈ ਗਈ ਅਤੇ ਸਭ ਦੇ ਮੂੰਹ ਮਿੱਠੇ ਕਰਵਾਏ ਗਏ।

"ਮੁਕਤੀ" ਰੁਮਾਂਟਿਕ ਕਵਿਤਾ ਨਹੀਂ, ਬਲਕਿ ਮਨੁੱਖੀ ਮਨ ਦੇ ਗੁੰਝਲਦਾਰ ਵੇਗ ਨੂੰ ਸਮਝਣ ਦਾ ਇੱਕ ਜ਼ਰੀਆ ਹੈ...

ਸ਼ਾਇਰਾ ਅਨੰਤ ਗਿੱਲ ਦੀ ਕਵਿਤਾ "ਮੁਕਤੀ" (ਕਾਵਿ-ਸੰਗ੍ਰਹਿ: ਪੈਰਾਂ ਹੇਠਲਾ ਅੰਬਰ) ਮਨੁੱਖੀ ਰਿਸ਼ਤਿਆਂ, ਆਜ਼ਾਦੀ, ਅਤੇ ਮਾਨਸਿਕ ਦਵੰਦ ਦੀ ਇੱਕ ਬਹੁਤ ਹੀ ਸੰਵੇਦਨਸ਼ੀਲ ਤੇ ਡੂੰਘੀ ਪੇਸ਼ਕਾਰੀ ਹੈ। ਇਸ ਕਵਿਤਾ ਵਿੱਚ ਮੁਹੱਬਤ ਅਤੇ ਬੰਧਨ ਦੇ ਟਕਰਾਅ ਨੂੰ ਬਾਖੂਬੀ ਉਭਾਰਿਆ ਗਿਆ ਹੈ। ਹਰ ਮਨੁੱਖ ਦੇ ਅੰਦਰ ਇੱਕ ਨਿੱਜੀ ਆਜ਼ਾਦੀ ਅਤੇ ਸੰਪੂਰਨਤਾ ਦੀ ਤੜਫ ਹੁੰਦੀ ਹੈ, ਜਿੱਥੇ ਉਹ ਬਾਹਰੀ ਸਮਾਜਿਕ ਵਲਗਣਾਂ ਤੋਂ ਮੁਕਤ ਹੋਣਾ ਚਾਹੁੰਦਾ ਹੈ। ਕਵਿਤਾ ਦੀਆਂ ਸ਼ੁਰੂਆਤੀ ਸਤਰਾਂ ਇਸੇ ਮਨੋਵਿਗਿਆਨਕ ਸਥਿਤੀ ਨੂੰ ਬਿਆਨ ਕਰਦੀਆਂ ਹਨ:

"ਮੈਂ ਤੇ ਆਪ / ਮੁਕਤੀ ਦੀ ਭਾਲ਼ ਵਿੱਚ ਫਿਰਦਾ ਪਰਿੰਦਾ ਹਾਂ..."

"ਮੈਂ ਤੇ ਆਪ / ਵਲ਼ਗਣਾ ਤੋਂ ਬਹੁਤ ਉੱਪਰ ਜਾਣਾਂ ਲੋਚਦੀ ਹਾਂ..."

ਮਨੁੱਖੀ ਮਨ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਬੰਧਨਾਂ ਤੋਂ ਮੁਕਤ ਦੇਖਣਾ ਚਾਹੁੰਦਾ ਹੈ। ਕਵਿਤਰੀ (ਜਾਂ ਕਾਵਿ-ਮੈਂ) ਖ਼ੁਦ ਨੂੰ ਇੱਕ 'ਪਰਿੰਦਾ' ਕਹਿ ਕੇ ਆਪਣੇ ਅੰਦਰੂਨੀ 'ਆਜ਼ਾਦ ਸਵੈ' ਅਰਥਾਤ ਖੁਦਮੁਖਤਿਆਰੀ ਦੀ

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ

ਗੱਲ ਕਰ ਰਹੀ ਹੈ। ਜਦੋਂ ਦੂਜਾ ਪਾਤਰ (ਪ੍ਰੇਮੀ) ਇਸ ਰਿਸ਼ਤੇ ਵਿੱਚ ਬੰਧਨ ਮਹਿਸੂਸ ਕਰਦਾ ਹੈ, ਤਾਂ ਕਾਵਿ-ਮੈਂ ਉਸਨੂੰ ਦੋਸ਼ੀ ਨਹੀਂ ਠਹਿਰਾਉਂਦੀ। ਰਿਸ਼ਤਿਆਂ ਵਿੱਚ ਕਈ ਵਾਰ ਅਸੀਂ ਆਪਣੀਆਂ ਅੰਦਰੂਨੀ ਕਮਜ਼ੋਰੀਆਂ ਜਾਂ ਡਰ ਦੂਜੇ ਉੱਪਰ ਪ੍ਰੋਜੈਕਟ ਕਰ ਦਿੰਦੇ ਹਾਂ। ਇੱਥੇ ਪ੍ਰੇਮੀ ਨੂੰ ਲੱਗਦਾ ਹੈ ਕਿ ਬਾਹਾਂ ਦਾ ਘੇਰਾ ਇੱਕ 'ਕੈਦ' ਹੈ, ਜਦਕਿ ਕਾਵਿ-ਮੈਂ ਦੇ ਮਨ ਵਿੱਚ ਕੋਈ 'ਛਲ ਜਾਂ ਕਪਟ' ਨਹੀਂ ਹੈ। ਸੱਚੀ ਮੁਹੱਬਤ ਦੂਜੇ ਵਿਅਕਤੀ ਦੀ ਆਜ਼ਾਦੀ ਦਾ ਸਤਿਕਾਰ ਕਰਦੀ ਹੈ, ਉਸਨੂੰ ਗੁਲਾਮ ਨਹੀਂ ਬਣਾਉਂਦੀ।" ਜੇਕਰ

ਅਨੰਤ ਗਿੱਲ

ਮੁਹੱਬਤ ਵਿੱਚ ਅਧਿਕਾਰ ਜਤਾਉਣ ਦੀ ਭਾਵਨਾ ਆ ਜਾਵੇ, ਤਾਂ ਉਹ ਪਿਆਰ ਨਹੀਂ ਬਲਕਿ ਇੱਕ ਮਾਨਸਿਕ ਬੋਝ ਬਣ ਜਾਂਦਾ ਹੈ।

ਜੇ ਤੈਨੂੰ ਫੇਰ ਵੀ ਲਗਦਾ / ਤੇਰੇ ਪੈਰਾਂ 'ਚ ਬੇੜੀ ਹੈ...

ਸੌਂਹ ਮੈਨੂੰ ਸਿਦਕ ਆਪਣੇ ਦੀ / ਮੈਂ ਤੈਨੂੰ ਮੁਕਤ ਕਰਦੀ ਹਾਂ..."

ਪਰਿਪੱਕ ਪਿਆਰ ਉਹ ਹੈ ਜਿੱਥੇ ਦੋਵੇਂ ਧਿਰਾਂ ਆਪਣੀ ਵਿਅਕਤੀਗਤ ਆਜ਼ਾਦੀ ਕਾਇਮ ਰੱਖਣ। ਜਦੋਂ ਕਾਵਿ-ਮੈਂ ਕਹਿੰਦੀ ਹੈ, "ਇਹਨਾ ਬਾਹਾਂ ਦੀ ਵਲ਼ਗਣ 'ਚੋਂ / ਝੱਲੇ ਨੈਣਾਂ ਦੇ ਪਹਿਰੇ ਤੋਂ / ਮੈਂ ਤੈਨੂੰ ਮੁਕਤ ਕਰਦੀ ਹਾਂ", ਤਾਂ ਇਹ ਇੱਕ ਉੱਚੇ ਦਰਜੇ ਦੀ ਮਾਨਸਿਕ ਪ੍ਰੌੜ੍ਹਤਾ ਦਾ ਪ੍ਰਗਟਾਵਾ ਹੈ।

ਤਿਆਗ ਰਾਹੀਂ ਮੁਕਤੀ: ਇੱਥੇ ਅਹੰਕਾਰ ਦਾ ਤਿਆਗ ਹੈ। ਜਦੋਂ ਸਾਹਮਣੇ ਵਾਲਾ ਰਿਸ਼ਤੇ ਵਿੱਚ ਘੁਟਣ ਮਹਿਸੂਸ ਕਰਦਾ ਹੈ, ਤਾਂ ਜ਼ਬਰਦਸਤੀ ਰਿਸ਼ਤਾ ਨਿਭਾਉਣ ਦੀ ਬਜਾਏ ਉਸਨੂੰ ਆਜ਼ਾਦ ਕਰ ਦੇਣਾ ਹੀ ਮਨੋਵਿਗਿਆਨਕ ਤੌਰ 'ਤੇ ਸਭ ਤੋਂ ਸਿਹਤਮੰਦ ਫੈਸਲਾ ਹੁੰਦਾ ਹੈ। ਸ਼ਾਇਰਾ ਅਨੰਤ ਨੇ ਇਸ ਨਾਜ਼ੁਕ ਮਾਨਸਿਕ ਅਵਸਥਾ ਨੂੰ ਬਹੁਤ ਖੂਬਸੂਰਤ ਸ਼ਬਦਾਂ ਵਿੱਚ ਢਾਲਿਆ ਹੈ।

ਅਨੰਤ ਗਿੱਲ ਦੀ ਕਵਿਤਾ "ਮੁਕਤੀ" ਸਿਰਫ਼ ਇੱਕ ਰੁਮਾਂਟਿਕ ਕਵਿਤਾ ਨਹੀਂ ਹੈ, ਬਲਕਿ ਇਹ ਮਨੁੱਖੀ ਮਨ ਦੇ ਗੁੰਝਲਦਾਰ ਵੇਗ ਨੂੰ ਸਮਝਣ ਦਾ ਇੱਕ ਜ਼ਰੀਆ ਹੈ। ਇਹ ਕਵਿਤਾ ਸਾਬਤ ਕਰਦੀ ਹੈ ਕਿ ਸੱਚੀ ਮੁਕਤੀ ਦੂਜੇ ਨੂੰ ਕੈਦ ਕਰਨ ਵਿੱਚ ਨਹੀਂ, ਬਲਕਿ ਉਸਦੀ ਆਜ਼ਾਦੀ ਨੂੰ ਸਵੀਕਾਰ ਕਰਨ ਵਿੱਚ ਹੈ। ਕਵਿਤਾ ਦੀ ਭਾਸ਼ਾ ਸਰਲ ਹੈ ਪਰ ਇਸਦਾ ਮਨੋਵਿਗਿਆਨਕ ਪ੍ਰਭਾਵ ਬਹੁਤ ਗਹਿਰਾ ਅਤੇ ਸਦੀਵੀ ਹੈ। ਬਹੁਤ ਹੀ ਡੂੰਘੀ ਕਵਿਤਾ ਹੈ। ਸ਼ਾਇਰੀ ਦਾ ਉਤਮ ਨਮੂਨਾ ਹੈ। ਪੂਰਾ

ਮਨੋਵਿਗਿਆਨਕ ਬਿਰਤਾਂਤ ਸਿਰਜਿਆ ਹੈ। ਰਿਸ਼ਤੇ ਕਦੇ ਵੀ ਫੜੇ ਨਹੀਂ ਜਾ ਸਕਦੇ। ਇਹ ਕੁਦਰਤੀ ਪ੍ਰਵਾਹ ਹਨ।

.....ਪ੍ਰੋਫੈਸਰ ਬਲਵਿੰਦਰ ਪਾਲ ਸਿੰਘ

ਮੁਕਤੀ

ਮੈ ਤੇ ਆਪ
ਮੁਕਤੀ ਦੀ ਭਾਲ਼ ਵਿੱਚ ਫਿਰਦਾ ਪਰਿੰਦਾ ਹਾਂ
ਮੇਰੇ ਕੋਲ ਜਾਲ਼ ਕਿੱਥੇ
ਬੇੜੀ ਕਿੱਥੇ
ਫੰਧਾ ਕਿੱਥੇ
ਮੈਂ ਤੇ ਆਪ
ਵਲ਼ਗਣਾ ਤੋਂ ਬਹੁਤ ਉੱਪਰ ਜਾਣਾਂ ਲੋਚਦੀ ਹਾਂ
ਮੇਰੇ ਕੋਲ ਕੈਦ ਕਿੱਥੇ
ਛਲ਼ ਕਿੱਥੇ
ਕਪਟ ਕਿੱਥੇ
ਜੇ ਤੈਨੂੰ ਫੇਰ ਵੀ ਲਗਦਾ
ਤੇਰੇ ਪੈਰਾਂ 'ਚ ਬੇੜੀ ਹੈ
ਤੇਰੇ ਚੌਗਿਰਦੇ ਵਲਗਣ ਹੈ
ਸੌਂਹ ਮੈਨੂੰ ਸਿਦਕ ਆਪਣੇ ਦੀ
ਮੈਂ ਤੈਨੂੰ ਮੁਕਤ ਕਰਦੀ ਹਾਂ
ਤੇਰੇ ਲਈ ਤੜਫਦੇ ਦਿਲ ਤੋਂ
ਇਹਨਾ ਬਾਹਾਂ ਦੀ ਵਲ਼ਗਣ 'ਚੋਂ
ਝੱਲੇ ਨੈਣਾਂ ਦੇ ਪਹਿਰੇ ਤੋਂ
ਮੈਂ ਤੈਨੂੰ ਮੁਕਤ ਕਰਦੀ ਹਾਂ
ਮੈਂ ਤੈਨੂੰ ਮੁਕਤ ਕਰਦੀ ਹਾਂ।

-- ਅਨੰਤ ਗਿੱਲ

ਪਾਕਿਸਤਾਨ ਪੰਜਾਬ ਦੇ ਮੰਤਰੀ ਸ. ਰਮੇਸ਼ ਸਿੰਘ ਅਰੋੜਾ ਨੇ ਮੈਰੀਲੈਂਡ ਵਿੱਚ ਸਿੱਖ ਭਾਈਚਾਰੇ ਨਾਲ ਕੀਤੀ ਮੁਲਾਕਾਤ

ਵਿਰਾਸਤ, ਕੌਮੀ ਮੰਗਾਂ ਅਤੇ ਸੱਭਿਆਚਾਰਕ ਸਾਂਝ 'ਤੇ ਹੋਈ ਚਰਚਾ

Honor-Sikh-PakistanMinister-RameshSinghArora

Sikhs-Meeting-MinisterArora

ਵੱਲੋਂ: ਸਮੀਪ ਸਿੰਘ ਗੁਮਟਾਲਾ

ਮੈਰੀਲੈਂਡ, ਅਮਰੀਕਾ: ਅਮਰੀਕਾ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਧਾਰਮਿਕ ਮਸਲਿਆਂ ਸੰਬੰਧੀ ਸਬ-ਕਮੇਟੀ ਦੇ ਕੋਆਰਡੀਨੇਟਰ ਅਤੇ ਮੈਰੀਲੈਂਡ ਗਵਰਨਰ ਇੰਟਰਫੇਥ ਕੌਂਸਲ ਦੇ ਮੈਂਬਰ ਭਾਈ ਸਵਿੰਦਰ ਸਿੰਘ ਨੇ ਹੋਰਨਾਂ ਪ੍ਰਮੁੱਖ ਸਿੱਖ ਆਗੂਆ ਸਣੇ ਅਮਰੀਕਾ ਦੌਰੇ 'ਤੇ ਆਏ ਪਾਕਿਸਤਾਨ ਪੰਜਾਬ ਦੇ ਘੱਟ ਗਿਣਤੀ ਮਾਮਲਿਆਂ ਬਾਰੇ ਮੰਤਰੀ ਸਰਦਾਰ ਰਮੇਸ਼ ਸਿੰਘ ਅਰੋੜਾ ਨਾਲ ਆਪਣੇ ਮੈਰੀਲੈਂਡ ਸਥਿਤ ਗ੍ਰਹਿ ਵਿਖੇ ਇੱਕ ਵਿਸ਼ੇਸ਼ ਮਿਲਣੀ ਦੀ ਮੇਜ਼ਬਾਨੀ ਕੀਤੀ। ਇਸ ਇਕੱਠ ਵਿੱਚ ਸਿੱਖ ਵਿਰਾਸਤ ਦੀ ਸਾਂਭ-ਸੰਭਾਲ, ਕੌਮੀ ਮੰਗਾਂ ਅਤੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਵਿੱਚ ਆਉਂਦੀਆਂ ਮੁਸ਼ਕਿਲਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ।

ਮਿਲਣੀ ਦੌਰਾਨ ਸਿੱਖ ਆਗੂਆਂ ਨੇ ਮੰਤਰੀ ਅਰੋੜਾ ਦਾ ਸਵਾਗਤ ਕਰਦਿਆਂ, ਵਿਰਾਸਤ ਦੀ ਸਾਂਭ-ਸੰਭਾਲ ਲਈ ਪਾਕਿਸਤਾਨ ਸਰਕਾਰ ਅਤੇ ਮੁੱਖ ਮੰਤਰੀ ਮਰੀਅਮ ਨਵਾਜ਼ ਸ਼ਰੀਫ਼ ਦਾ ਧੰਨਵਾਦ ਕੀਤਾ। ਭਾਈ ਸਵਿੰਦਰ ਸਿੰਘ ਨੇ ਪਾਕਿਸਤਾਨ ਪੰਜਾਬ ਵਿੱਚ ਪਹਿਲੀ ਵਾਰ ਕਿਸੇ ਸਿੱਖ ਨੂੰ ਕੈਬਨਿਟ ਮੰਤਰੀ ਵਜੋਂ ਨਿਵਾਜਣ ਦੇ ਇਤਿਹਾਸਕ ਫੈਸਲੇ ਦੀ ਸ਼ਲਾਘਾ ਕਰਦਿਆਂ ਇਸ ਨੂੰ ਸਮੁੱਚੀ ਕੌਮ ਲਈ ਵੱਡੇ ਮਾਣ, ਭਰੋਸੇ ਅਤੇ ਸ਼ਮੂਲੀਅਤ ਦਾ ਪ੍ਰਤੀਕ ਦੱਸਿਆ।

ਇਸ ਗੱਲਬਾਤ ਦੌਰਾਨ ਸਿੱਖ ਲੀਡਰਸ਼ਿਪ ਨੇ ਸ੍ਰੀ ਨਨਕਾਣਾ ਸਾਹਿਬ ਸਮੇਤ ਹੋਰ ਇਤਿਹਾਸਕ ਗੁਰਧਾਮਾਂ ਦੀ ਨਿਰੰਤਰ ਸਾਂਭ-ਸੰਭਾਲ ਅਤੇ ਨਵੀਨੀਕਰਨ ਦੀਆਂ ਮੰਗਾਂ ਰੱਖੀਆਂ। ਮੰਤਰੀ ਅਰੋੜਾ ਨੇ ਸਿੱਖ ਵਿਰਾਸਤ ਦੀ ਸੁਰੱਖਿਆ ਪ੍ਰਤੀ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਅਮਰੀਕਾ ਰਹਿੰਦੇ ਸਿੱਖ ਨੌਜਵਾਨਾਂ ਨੂੰ ਆਪਣੀਆਂ ਜੜ੍ਹਾਂ ਨਾਲ ਜੁੜਨ ਲਈ ਪ੍ਰੇਰਿਤ ਕੀਤਾ।

ਭਾਈ ਸਵਿੰਦਰ ਸਿੰਘ ਨੇ ਭਾਰਤ ਅਤੇ ਪਾਕਿਸਤਾਨ ਦਰਮਿਆਨ ਸਬੰਧਾਂ ਨੂੰ ਸੁਧਾਰਨ ਦੀ ਅਪੀਲ ਕਰਦਿਆਂ ਕਿਹਾ ਕਿ ਦੋਵਾਂ ਮੁਲਕਾਂ ਦੇ ਤਣਾਅ ਦਾ ਸਭ ਤੋਂ ਵੱਧ ਅਸਰ ਭਾਰਤ ਦੀ ਸਿੱਖ ਸੰਗਤ 'ਤੇ ਪੈਂਦਾ ਹੈ। ਉਨ੍ਹਾਂ ਕਿਹਾ ਕਿ ਆਪਸੀ ਖਟਾਸ ਕਾਰਨ ਅਕਸਰ ਸ਼ਰਧਾਲੂਆਂ ਦੇ ਜੱਥੇ ਰੋਕ ਦਿੱਤੇ ਜਾਂਦੇ ਹਨ, ਜਿਸ ਨਾਲ ਸੰਗਤਾਂ ਨੂੰ ਭਾਰੀ ਨਿਰਾਸ਼ਾ ਹੁੰਦੀ ਹੈ। ਉਨ੍ਹਾਂ ਕਰਤਾਰਪੁਰ ਲਾਂਘੇ ਰਾਹੀਂ ਆਵਾਜਾਈ ਨੂੰ ਹੋਰ ਸੁਖਾਲਾ ਬਣਾਉਣ ਦੀ ਮੰਗ ਕੀਤੀ ਤਾਂ ਜੋ ਸ਼ਰਧਾਲੂ ਬਿਨਾਂ ਰੁਕਾਵਟ ਆਪਣੇ ਗੁਰਧਾਮਾਂ ਦੇ ਦਰਸ਼ਨ ਕਰ ਸਕਣ। ਉਨ੍ਹਾਂ ਯਾਦ ਕਰਵਾਇਆ ਕਿ ਸਿੱਖ ਕੌਮ ਦਾ ਆਜ਼ਾਦੀ ਅਤੇ ਦੇਸ਼ ਦੀ ਪ੍ਰਗਤੀ ਵਿੱਚ ਵੱਡਾ ਯੋਗਦਾਨ ਹੈ।

ਇਸ ਮਿਲਣੀ ਵਿੱਚ ਮੈਰੀਲੈਂਡ ਦੇ 'ਗਵਰਨਰਜ਼ ਕਮਿਸ਼ਨ ਆਨ ਸਾਊਥ ਏਸ਼ੀਅਨ ਅਮੈਰੀਕਨ ਅਫੇਅਰਜ਼' ਦੇ ਚੇਅਰਮੈਨ ਗੁਰਪ੍ਰੀਤ ਤੱਖਰ ਅਤੇ ਅਮਨ ਸ਼ੇਰਗਿੱਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਤੋਂ ਇਲਾਵਾ ਵਿਚਾਰ-ਵਟਾਂਦਰੇ ਵਿੱਚ ਯੋਗਦਾਨ ਪਾਉਣ ਵਾਲੀਆਂ ਹੋਰ ਪ੍ਰਮੁੱਖ ਸ਼ਖਸੀਅਤਾਂ ਵਿੱਚ ਬਲਵਿੰਦਰ ਸੰਘਾ, ਮਿਹਰਬਾਨ ਸਿੰਘ, ਡਾ. ਜਤਿੰਦਰ ਸਿੰਘ ਸੇਖੋਂ, ਸੁਰਜੀਤ ਸਿੰਘ ਸਿੱਧੂ, ਮਨਦੀਪ ਸਿੰਘ, ਬਖਸ਼ੀਸ਼ ਸਿੰਘ ਰੋਪੜ ਅਤੇ ਅਜੀਤ ਧਾਲੀਵਾਲ ਸਮੇਤ ਕਈ ਹੋਰ ਪੰਤਵੰਤੇ ਸੱਜਣ ਹਾਜ਼ਰ ਸਨ।

ਮਿਲਣੀ ਦੇ ਅੰਤ ਵਿੱਚ ਭਾਈ ਸਵਿੰਦਰ ਸਿੰਘ ਅਤੇ ਹਾਜ਼ਰ ਆਗੂਆਂ ਨੇ ਪਾਕਿਸਤਾਨ ਤੋਂ ਆਏ ਮੰਤਰੀ ਰਮੇਸ਼ ਸਿੰਘ ਅਰੋੜਾ ਨੂੰ ਸਨਮਾਨਿਤ ਕੀਤਾ। ਭਾਈਚਾਰੇ ਨੇ ਉਮੀਦ ਜਤਾਈ ਕਿ ਇਹ ਮੁਲਾਕਾਤ ਕੌਮੀ ਮਸਲਿਆਂ ਦੇ ਹੱਲ ਲਈ ਇੱਕ ਸਕਾਰਾਤਮਕ ਕਦਮ ਸਾਬਤ ਹੋਵੇਗੀ।

ਚੀਨ ਵਿੱਚ ਬਣੀਆਂ ਬਿਜਲੀ ਕਾਰਾਂ ਕੈਨੇਡਾ ਪਹੁੰਚਣੀਆਂ ਸ਼ੁਰੂ

ਵੈਨਕੂਵਰ, 1 ਜੂਨ (ਮਲਕੀਤ ਸਿੰਘ) – ਕੈਨੇਡਾ ਵਿੱਚ ਚੀਨ ਵਿੱਚ ਤਿਆਰ ਕੀਤੀਆਂ ਬਿਜਲੀ ਕਾਰਾਂ ਦੀ ਆਮਦ ਸ਼ੁਰੂ ਹੋ ਗਈ ਹੈ। ਜਾਣਕਾਰੀ ਅਨੁਸਾਰ ਮਈ ਮਹੀਨੇ ਦੌਰਾਨ ਲਗਭਗ 2,900 ਤੋਂ ਵੱਧ ਚੀਨ ਤੋਂ ਤਿਆਰ ਕੀਤੀਆ ਬਿਜਲੀ ਸਵਾਰੀ ਗੱਡੀਆਂ ਕੈਨੇਡਾ ਪਹੁੰਚੀਆਂ ਹਨ। ਇਹ ਗੱਡੀਆਂ ਕੈਨੇਡਾ ਦੇ ਬਿਜਲੀ ਵਾਹਨ ਬਾਜ਼ਾਰ ਵਿੱਚ ਨਵਾਂ ਬਦਲਾਅ ਲਿਆ ਸਕਦੀਆਂ ਹਨ। ਪਹਿਲਾਂ ਕੈਨੇਡਾ ਵਿੱਚ ਬਿਜਲੀ ਕਾਰਾਂ ਦੇ ਬਾਜ਼ਾਰ ‘ਚ ਟੈਸਲਾ ਵਰਗੀਆਂ ਕੰਪਨੀਆਂ ਦਾ ਵੱਧ ਦਬਦਬਾ ਸੀ, ਪਰ ਹੁਣ ਚੀਨੀ ਕੰਪਨੀਆਂ

ਦੀਆਂ ਗੱਡੀਆਂ ਵੀ ਪਹੁੰਚਣ ਨਾਲ ਮੁਕਾਬਲਾ ਹੋਰ ਤੇਜ਼ ਹੋ ਸਕਦਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਚੀਨ ਵਿੱਚ ਬਣੀਆਂ ਬਿਜਲੀ ਕਾਰਾਂ ਦੀ ਆਮਦ ਨਾਲ ਕੀਮਤਾਂ ਅਤੇ ਚੋਣਾਂ ਦੋਵਾਂ ‘ਚ ਫਰਕ ਪੈ ਸਕਦਾ ਹੈ। ਇਸ ਨਾਲ ਕੈਨੇਡਾ ਦੇ ਖਰੀਦਦਾਰਾਂ ਨੂੰ ਹੋਰ ਵਿਕਲਪ ਮਿਲਣ ਦੀ ਸੰਭਾਵਨਾ ਹੈ।

ਭਾਵਨਾਵਾਂ ਸਮਝਣ ਲਈ ਹੀ ਬਣੀਆਂ ਹਨ

ਇਨਸਾਨ ਦੇ ਅੰਦਰ ਛੂਹ ਇਕ ਡੂੰਘਾ ਸਰੀਰਕ ਅਤੇ ਭਾਵਨਾਤਮਕ ਅਨੁਭਵ ਹੈ ਜੋ ਜਿੰਦਾ,ਅਤੇ ਆਪਣੇ ਹੋਣ ਦਾ ਅਹਿਸਾਸ ਕਰਾਉਦਾ ਹੈ। ਇਹ ਇਕ ਸਰੀਰਕ ਸੰਵੇਦਨਾ ਨਹੀ ਹੈ,ਸਗੋਂ ਪਿਆਰ,ਆਰਾਮ ਅਤੇ ਨੇੜਤਾ ਦੀ ਇਕ ਭਾਵਨਾ ਹੈ,ਇਕ ਅਜਿਹੀ ਭਾਵਨਾ ਜੋ ਯਾਦਾਂ ਵਿੱਚ ਮਹਿਸੂਸ ਕੀਤੀ ਜਾ ਸਕਦੀ ਹੈ ਭਾਵੇਂ ਕੋਈ ਕਿੰਨਾ ਵੀ ਦੂਰ ਕਿਉ ਨਾ ਹੋਵੇ।ਇਹ ਇਕ ਰੂਹਾਨੀ ਅਨੁਭਵ ਵੀ ਹੋ ਸਕਦਾ ਹੈ।ਛੂਹ ਨੂੰ ਕਦੇ ਵੀ ਸ਼ਬਦਾਂ ਦੀ ਲੋੜ ਨਹੀ ਹੁੰਦੀ। ਇਹ ਆਪਣੇ ਆਪ ਵਿੱਚ ਇਕ ਪੂਰਾ ਵਿਗਿਆਨ ਹੈ। ਹੁਣ,ਬੱਚਿਆਂ ਨੂੰ ਵੀ ਸਿਖਾਇਆ ਜਾਂਦਾ ਹੈ ਕਿ ਵੱਖ-ਵੱਖ ਕਿਸਮਾਂ ਦੇ ਛੂਹ ਦਾ ਜਵਾਬ ਕਿਵੇਂ ਦੇਣਾ ਹੁੰਦਾ ਹੈ।ਉਹ ਵੀ ਹੁਣ ਚੰਗੇ ਛੂਹ ਅਤੇ ਮਾੜੇ ਛੂਹ ਵਿੱਚਲੇ ਫ਼ਰਕ ਨੂੰ ਸਮਝਣ ਲੱਗ ਪਏ ਹਨ।ਇਸ ਤੋਂ ਇਲਾਵਾ ਬਹੁਤ ਸਾਰੀਆਂ ਚੀਜ਼ਾਂ ਹਨ ਜੋ ਪ੍ਰਗਟ ਨਹੀ ਕੀਤੀਆਂ ਜਾ ਸਕਦੀਆਂ,ਇਕ ਛੂਹ ਹੀ ਪੂਰਾ ਸੁਨੇਹਾ ਦੇਣ ਲਈ ਬਹੁਤ ਹੁੰਦਾ ਹੈ। ਸਿਰਫ਼ ਇਕ ਛੂਹ ਹੀ ਸਰੀਰ ਨੂੰ ਊਰਜ਼ਾ ਪ੍ਰਦਾਨ ਕਰਦੀ ਹੈ।ਇਹ ਭਾਵਨਾ ਦੀਆਂ ਡੂੰਘਾਈਆਂ ਵਿੱਚੋ ਅਨੁਭਵ ਦੇ ਮੋਤੀ ਕੱਢ ਲਿਆਉਦੀ ਹੈ।ਇਹ ਦਿਲ ਤੋਂ ਦਿਲ ਤੱਕ ਗੱਲ ਕਰਦੀ ਹੈ।ਇਸ ਛੂਹ ਨੂੰ ਸਮਝਣਾ ਥੋੜਾ ਮੁਸ਼ਕਲ ਹੈ,ਪਰ ਇਹਨਾਂ ਵੀ ਮੁਸ਼ਕਲ ਨਹੀ ਕਿ ਸਮਝਿਆ ਨਾ ਜਾ ਸਕੇ।ਸਾਨੂੰ ਸਾਰਿਆਂ ਨੂੰ ਯਾਦ ਹੋਵੇਗਾ ਕਿ ਜਦੋਂ ਸਾਡਾ ਬਾਪ ਸਾਡੇ ਮੋਢੇ ਤੇ ਹੱਥ ਰੱਖ ਦਿੰਦਾ ਹੈ ਤਾਂ ਕੋਈ ਅਸਫ਼ਲਤਾ ਸਾਡੇ ਮੋਹਰੇ ਟਿੱਕ ਨਹੀ ਸਕਦੀ ਅਸੀ ਹਮੇਸਾਂ ਹੀ ਸਫ਼ਲਤਾ ਪ੍ਰਾਪਤ ਕਰਦੇ ਹਾਂ।ਜੋ ਸਾਡੇ ਬਾਪ ਨੇ ਕਹਿ ਦਿੱਤਾ ਉਸ ਨੂੰ ਅਸੀ ਮੀਲ ਪੱਥਰ ਹੀ ਸਮਝਦੇ ਹਾਂ,ਬਾਪ ਦੇ ਕਹੇ ਸ਼ਬਦ ਭਾਵੇ ਸਾਨੂੰ ਕਦੇ ਯਾਦ ਰਹੇ ਨਾ ਹੋਣ ਪਰ ਬਾਪ ਦੀ ਅਸਲ ਛੂਹ ਸਾਨੂੰ ਕਦੇ ਯਾਦ ਨਹੀ ਭੁੱਲਦੀ।

ਅੱਜ ਅਸੀ ਭਾਵੇ ਉਨਾਂ ਹਾਲਾਤਾਂ ਨਾਲੋ ਕਈ ਗੁਣਾਂ ਅੱਗੇ ਚਲੇ ਗਏ ਹਾਂ ਪਰ ਉਹ ਛੂਹ ਸਾਨੂੰ ਹਮੇਸ਼ਾਂ ਯਾਦ ਦਿਵਾਉਦੀ ਹੈ ਕਿ ਅਸੀ ਵੀ ਕਦੇ ਬੇਵੱਸ ਸੀ।ਉਸ ਛੂਹ ਨੇ ਹੀ ਸਾਨੂੰ ਸੰਭਾਲਿਆ।ਸਾਡੀ ਜਿੰਦਗੀ ਵਿੱਚ ਅਜਿਹੇ ਬਹੁਤ ਸਾਰੇ ਪਲ ਆਏ ਹੋਣਗੇ,ਅਸੀ ਉਸ ਸਮੇਂ ਆਪਣੇ ਮਾਪਿਆਂ ,ਭੈਣ ਭਰਾਵਾਂ,ਯਾਰਾਂ ਦੋਸਤਾਂ ਦੇ ਛੂਹ ਵੱਲ ਧਿਆਨ ਨਹੀ ਦਿੱਤਾ ਹੋਵੇਗਾ,ਪਰ ਅੱਜ ਉਹ ਸਾਰੇ ਛੂਹ ਸਾਡੀਆਂ ਯਾਦਾਂ ਵਿੱਚ ਹਨ।ਕਈ ਵਾਰ ਛੂਹ ਦਾ ਜਵਾਬ ਛੂਹ ਨਾਲ ਹੀ ਮਿਲਦਾ ਹੈ।ਅਸੀ ਵੀ ਉਹਨਾਂ ਨੂੰ ਦਿਲਾਸਾ ਦੇਣ ਲਈ ਉਨਾਂ ਦੇ ਸਿਰ ਤੇ ਆਪਣਾ ਹੱਥ ਰੱਖਿਆ ਹੋਵੇਗਾ,ਅਸੀ ਵੀ ਉਹਨਾਂ ਦੇ ਮੋਢੇ ਥੱਪ-ਥਪਾਏ ਹੋਣਗੇ।ਉਨਾਂ ਨੇ ਵੀ ਸਾਨੂੰ ਥਾਪੀ ਦਿੱਤੀ ਹੋਵੇਗੀ।ਛੂਹ ਸਾਡੀਆਂ ਭਾਵਨਾਵਾਂ ਨੂੰ ਅੱਗੇ ਤੋਰਦੀ ਹੈ।

ਇੱਕ ਕੋਮਲ,ਇਕ ਛੋਟਾ ਜਿਹਾ ਛੂਹ ਆਤਮਾ ਦੇ ਸਭ ਤੋਂ ਅੰਦਰੂਨੀ ਤਾਰਾਂ ਨੂੰ ਹਿਲਾ ਦਿੰਦਾ ਹੈ,ਖੁਸ਼ੀ ਦੀਆਂ ਭਾਵਨਾਵਾਂ ਨੂੰ ਜਗਾਉਂਦੀ ਹੈ,ਅਤੇ ਜੀਵਨ ਵਿੱਚ ਆਨੰਦ ਹੀ ਆਨੰਦ ਪ੍ਰਾਪਤ ਹੋ ਜਾਦਾ ਹੈ।ਛੂਹ ਸਾਡੀਆਂ ਕੋਮਲ ਭਾਵਨਾਵਾਂ ਨੂੰ ਪ੍ਰਗਟ ਕਰਨ ਦਾ ਇੱਕ ਸ਼ਕਤੀਸ਼ਾਲੀ ਮਾਧਿਅਮ ਹੈ,ਜੋ ਸ਼ਬਦਾਂ ਤੋਂ ਬਿੰਨਾਂ ਵੀ ਬਹੁਤ ਕੁੱਝ ਪ੍ਰਗਟ ਕਰ ਦਿੰਦਾ ਹੈ।ਇਹ ਸੱਭ ਕੁਝ ਸਾਡੇ ਸਰੀਰ ਤੱਕ ਹੀ ਸੀਮਤ ਨਹੀ ਹੈ,ਜੇਕਰ ਡੂੰਘਾਈ ਨਾਲ ਇਸ ਨੂੰ ਮਹਿਸੂਸ ਕੀਤਾ ਜਾਵੇ,ਤਾਂ ਇੱਕ ਛੂਹ ਸਾਡੀ ਆਤਮਾ ਵਿੱਚ ਪ੍ਰਵੇਸ਼ ਕਰ ਜਾਦੀ ਹੈ।ਜਦੋਂ ਇਕ ਫ਼ੌਜ਼ੀ ਜੰਗ ਦੇ ਮੈਦਾਨ ਵਿੱਚ ਜਾਣ ਲਈ ਤਿਆਰ ਹੁੰਦਾ ਹੈ ਤਾਂ ਉਸ ਦੀ ਮਾਂ ਜਾਂ ਪਿਤਾ ਉਸ ਦੇ ਮੋਢੇ 'ਤੇ ਰੱਖ ਕੇ ਕਹਿੰਦੇ ਹਨ,"ਦੇਸ਼ ਨੂੰ ਅੱਜ ਤੁਹਾਡੀ ਲੋੜ ਹੈ ,ਜਾਓ ਅਤੇ ਦੁਨੀਆਂ ਨੂੰ ਦਿਖਾਓ ਕਿ ਸਾਡੇ ਕੋਲ ਵੀ ਬਹੁਤ ਵੱਡੀ ਤਾਕਤ ਹੈ। "ਜਾਓ ਜੰਗ ਜਿੱਤ ਕੇ ਆਓ।

ਸਾਲਾਂ ਤੋਂ ਵਿਛੜੇ ਭੈਣ ਭਰਾ ਜਦੋਂ ਆਪਸ ਵਿੱਚ ਮਿਲਦੇ ਹਨ ਤਾਂ ਇੱਕ ਪਲ ਲਈ ਉਨਾਂ ਵਿੱਚ ਬਣੀਆਂ ਦੀਵਾਰਾਂ ਵੀ ਟੁੱਟ ਜਾਂਦੀਆਂ ਹਨ।ਮਨ ਦੀ ਭੜਾਸ ਹੰਝੂ ਬਣ ਕੇ ਬਾਹਰ ਆਉਣ ਲੱਗ ਜਾਂਦੀ ਹੈ,ਉਨਾਂ ਦੇ ਦਿਲਾਂ ਵਿੱਚ ਪਿਆਰ ਝਰਨਾ ਬਣਕੇ ਵਹਿਣ ਲੱਗ ਜਾਦਾ ਹੈ।ਦੋਵੇਂ ਬੜੇ ਹੈਰਾਨ ਹੁੰਦੇ ਹਨ ਕਿ ਪਿਆਰ ਦਾ ਇਹ ਝਰਨਾ ਕਿੱਥੇ ਲੁਕਿਆ ਹੋਇਆ ਸੀ,ਸਾਨੂੰ ਕਿਉ ਨਹੀ ਪਤਾ ਲੱਗਿਆ।ਛੂਹ ਇੱਕ ਅਜਿਹੀ ਭਾਵਨਾ ਹੈ ਜਿਸ ਨੂੰ ਸ਼ਬਦਾਂ ਦੀ ਲੋੜ ਨਹੀ ਹੁੰਦੀ,ਇਹ ਛੂਹ ਹੀ ਹੈ ਇਕ ਪਲ ਵਿੱਚ ਹੀ ਪੱਖਪਾਤ ਦੀਆਂ ਕੰਧਾਂ ਨੂੰ ਢਾਹ ਦਿੰਦੀ ਹੈ।ਇਹ ਸੰਘਰਸ਼ਾਂ ਨੂੰ ਸਹਿਣ ਦੀ ਸ਼ਕਤੀ ਦਿੰਦੀ ਹੈ।ਇਸ ਦੀ ਮਦਦ ਨਾਲ ਵਿਅਕਤੀ ਜੀਵਨ ਭਰ ਜੀਅ ਸਕਦਾ ਹੈ।ਇਹ ਭਾਵਨਾਵਾਂ ਦੇ ਸਮੁੰਦਰ ਨੂੰ ਵਹਾਅ ਕੇ ਲੈ ਜਾਂਦਾ ਹੈ।ਇਸ ਤੋਂ ਇਲਾਵਾ ਇਕ ਵਿਅਕਤੀ ਨੂੰ ਚੁਣੌਤੀਆਂ ਦਾ ਸਾਹ-ਮਣਾ ਕਰਨ ਲਈ ਤਾਕਤ ਪ੍ਰਦਾਨ ਕਰਦਾ ਹੈ।ਜਦੋਂ ਇਕ ਵਿਅਕਤੀ ਜੰਗ ਵਿੱਚ ਜਾਦਾ ਹੈ ਤਾਂ ਉਨਾਂ ਦੇ ਪਰਿਵਾਰ ਵਲੋਂ ਦਿੱਤਾ ਗਿਆ ਪਿਆਰ ਭਰਿਆ ਆਸ਼ੀਰਵਾਦ ਪ੍ਰੇਰਨਾ ਦਾ ਸਰੋਤ ਬਣ ਜਾਂਦਾ ਹੈ।ਇਹੀ ਆਸ਼ੀਰਵਾਦ ਉਸ ਲਈ ਹਿੰਮਤ ਅਤੇ ਆਤਮਵਿਸ਼ਵਾਸ਼ ਬਣ ਜਾਦਾ ਹੈ।ਜਿਸ ਨਾਲ ਉਹ ਮੁਸ਼ਕਲ ਦੀਆਂ ਸਥਿੱਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਹੋ ਜਾਦਾ ਹੈ।ਵਿਅਕਤੀ ਇਹਨਾਂ ਤਾਕਤਾਂ ਨਾਲ ਦੂਸਰਿਆਂ ਦੇ ਅੰਦਰ ਛੁਪੀਆਂ ਭਾਵਨਾਵਾਂ ਨੂੰ ਵੀ ਸਮਝਣ ਲੱਗ ਜਾਦਾ ਹੈ।

ਇਹ ਕਿਹਾ ਜਾ ਸਕਦਾ ਹੈ ਕਿ ਛੂਹ ਇਕ ਅਜਿਹੀ ਭਾਵਨਾ ਹੈ ਜੋ ਕਿ ਸ਼ਬਦਾਂ ਤੋਂ ਬਹੁਤ ਪਰੇ ਹੈ।ਇਹ ਮਨੁੱਖੀ ਜੀਵਨ ਦਾ ਇਕ ਅਨਿੱਖੜਵਾਂ ਅੰਗ ਹੈ,ਭਾਵਨਾਤਮਕ ਤੌਰ 'ਤੇ ਜੁੜਦਾ ਹੈ ਅਤੇ ਜੀਵਨ ਨੂੰ ਸੱਚਮੁਚ ਅਰਥਪੂਰਨ ਬਣਾਉਦਾ ਹੈ।ਅੱਜ ਦੇ ਵਿਅਸਤ ਜੀਵਨ ਅਤੇ ਮਸ਼ੀਨੀ ਯੁੱਗ ਦੇ ਅੰਦਰ,ਜਿੱਥੇ ਲੋਕ ਇਕ ਦੂਸਰੇ ਤੋਂ ਦੂਰ ਹੁੰਦੇ ਜਾ ਰਹੇ ਹਨ,ਉਥੇ ਪਿਆਰ ਭਰੀ ਛੂਹ ਦੀ ਹੋਰ ਵੀ ਜਰੂਰਤ ਵੱਧ ਜਾਦੀ ਹੈ।ਸਾਨੂੰ ਆਪਣੇ ਪਿਆਰ ਭਰੇ ਜੀਵਨ ਵਿੱਚ ਛੂਹ ਨੂੰ ਸਮਝਣ ਦੀ ਜਰੂਰਤ ਹੈ,ਅਤੇ ਆਪਣੇ ਵਲੋਂ ਪਿਆਰ ਭਰੇ ਛੂਹ ਦੁਆਰਾ ਦੂਸਰਿਆਂ ਨੂੰ ਖੁਸ਼ੀ,ਉਤਸ਼ਾਹ,ਹਿੰਮਤ,ਹਮਦਰਦੀ ਅਤੇ ਆਪਣਾਪਣ ਦੀ ਭਾਵਨਾ ਨਾਲ ਭਰਨਾ ਚਾਹੀਦਾ ਹੈ,ਤੁਹਾਡਾ ਇਕ ਨਿੱਕਾ ਜਿਹਾ ਉਪਰਾਲਾ ਕਿਸੇ ਦੇ ਜੀਵਨ ਵਿੱਚ ਇਕ ਡੂੰਘਾ ਬਦਲਾਅ ਲਿਆ ਸਕਦਾ ਹੈ।

ਅਮਰਜੀਤ ਚੰਦਰ
ਲੁਧਿਆਣਾ

ਘਣ ਵਾਂਗ ਖਾ ਰਿਹਾ ਚਿੱਟਾ

ਪੰਜਾਬੀ ਸੱਭਿਆਚਾਰ ਦਾ ਆਧਾਰ ਸਾਡਾ ਪੇਂਡੂ ਜੀਵਨ ਹੀ ਤਾਂ ਹੈ। ਪੰਜਾਬੀ ਵਿਰਸਾ ਐਨਾ ਅਮੀਰ ਹੈ ਕਿ ਇਸ ਦੀਆਂ ਸਾਂਝਾਂ ਅਤੇ ਪਿਆਰ ਦੀਆਂ ਬਾਤਾਂ ਦੀ ਚਰਚਾ ਦੁਨੀਆ ਭਰ ਵਿੱਚ ਹੁੰਦੀ ਹੈ। ਸਾਡੇ ਪੇਂਡੂ ਵਾਤਾਵਰਨ ਦੀ ਗੱਲ ਕਰੀਏ ਤਾਂ ਪਹਿਲਾਂ ਲੋਕ ਖੁੱਲ੍ਹ ਕੇ ਜਿਉਣ ਵਾਲੇ ਖੁਸ਼ਦਿਲ ਅਤੇ ਖੁਸ਼ੀਆਂ ਵਿੱਚ ਸਾਂਝਾ ਪਾਉਣ ਵਾਲੇ ਲੋਕ ਹੁੰਦੇ ਸਨ। ਪਹਿਲਾਂ ਨਿੱਕੀਆਂ ਨਿੱਕੀਆਂ ਗੱਲਾਂ ਵਿੱਚੋਂ ਲੋਕ ਖੁਸ਼ੀਆਂ ਭਾਲਦੇ ਸਨ ਤੇ ਫਿਰ ਇਤਰ ਦੀ ਮਹਿਕ ਵਾਂਗ ਉਹਨਾਂ ਖੁਸ਼ੀਆਂ ਨੂੰ ਖਿਲਾਰਦੇ ਸਨ । ਪਰ ਸਮੇਂ ਦੇ ਬਦਲਣ ਨਾਲ ਬਹੁਤ ਕੁਝ ਬਦਲ ਗਿਆ ਹੈ।

ਪਹਿਲਾਂ ਪਿੰਡ ਵਿੱਚ ਕਈ ਨੌਜਵਾਨ ਪੜ੍ਹ ਕੇ ਨੌਕਰੀਆਂ ਹਾਸਲ ਕਰਦੇ ਜਾਂ ਉੱਚੇ ਅਹੁਦਿਆਂ ਤੇ ਪਹੁੰਚ ਜਾਂਦੇ ਤਾਂ ਸਾਰੇ ਪਿੰਡ ਲਈ ਮਾਣ ਵਾਲੀ ਗੱਲ ਹੁੰਦੀ ਸੀ । ਹਰ ਕੋਈ ਸਿਰ ਉੱਚਾ ਕਰ ਕੇ ਫ਼ਖਰ ਨਾਲ ਆਖਦਾ ਸੀ ਕਿ ਸਾਡੇ ਪਿੰਡ ਦਾ ਫਲਾਣਾ ਮੁੰਡਾ 'ਲਫਟੈਣ' ਲੱਗਿਆ ਜਾਂ ਕੋਈ ਹੋਰ ਅਹੁਦੇ ਦਾ ਨਾਂ ਲੈ ਕੇ ਦੱਸਣ ਵਿੱਚ ਆਪਣਾ ਅਤੇ ਪਿੰਡ ਦਾ ਮਾਣ ਵਧਾਉਂਦੇ ਸਨ। ਕੋਈ ਖੇਤੀ ਕਰਦਾ ਤਾਂ ਉਸ ਦੀ ਸੱਥਾਂ ਵਿੱਚ ਬੈਠ ਕੇ ਸ਼ੋਭਾ ਕਰਦੇ ਕਿ ਫਲਾਣੇ ਦਾ ਪਿਓ ਤਾਂ ਦੋ ਕਿੱਲਿਆਂ ਦੀ ਖੇਤੀ ਕਰਦਾ ਸੀ,ਵਾਹ ਬਈ ਵਾਹ ਮੁੰਡੇ ਨੇ ਬੜਾ ਕੰਮ ਚੱਕ ਲਿਆ,ਉਹ ਹੁਣ ਵੀਹਾਂ ਕਿੱਲਿਆਂ ਦੀ ਖੇਤੀ ਕਰਨ ਲੱਗ ਪਏ ਨੇ। ਕੋਈ ਕੋਈ ਅਮਲੀ ਵੀ ਨਿਕਲ ਜਾਂਦਾ ਪਰ ਅਮਲੀਆਂ ਦੀ ਗਿਣਤੀ ਕੰਮ ਕਰਨ ਵਾਲੇ ਨੌਜਵਾਨਾਂ ਨਾਲੋਂ ਬਹੁਤ ਘੱਟ ਹੁੰਦੀ ਸੀ।

ਇੱਕ ਪ੍ਰਸਿੱਧ ਕਹਾਵਤ ਹੈ ਕਿ ਪਹਿਲਾਂ ਘਰ ਕੱਚੇ ਹੁੰਦੇ ਸਨ ਪਰ ਲੋਕਾਂ ਦੇ ਦਿਲ ਸੱਚੇ ਹੁੰਦੇ ਸਨ। ਇਹ ਗੱਲ ਤਾਂ ਸੋਲਾਂ ਆਨੇ ਸੱਚ ਹੈ ਕਿਉਂਕਿ ਪਹਿਲਾਂ ਪਿੰਡਾਂ ਦੀ ਪਹਿਚਾਣ ਕੱਚੇ ਘਰਾਂ ਤੋਂ ਹੀ ਹੁੰਦੀ ਸੀ ਤੇ ਕੱਚੀਆਂ ਦੀਵਾਰਾਂ ਅਤੇ ਫਰਸ਼ਾਂ ਦੀ ਮਿੱਟੀ ਦੀ ਖੁਸ਼ਬੋਈ ਵੀ ਮਨ ਵਿੱਚ ਠੰਢਕ, ਤਾਜ਼ਗੀ ਤੇ ਖਿੜਾਓ ਪੈਦਾ ਕਰ ਦਿੰਦੀ ਸੀ। ਉਹਨਾਂ ਵਿੱਚ ਵਸਣ ਵਾਲੇ ਲੋਕ ਵੀ ਕੋਲ਼ੇ ਭਾਲ਼ੇ ਸੁਭਾਅ ਦੇ ਹੁੰਦੇ ਸਨ। ਘਰਾਂ ਦੀਆਂ ਸੁਆਣੀਆਂ ਦੇ ਹਾਸੇ, ਬੱਚਿਆਂ ਦੀਆਂ ਪਿੜਾਂ ਵਿੱਚ ਰਲ਼ ਕੇ ਖੇਡਣ ਦੀਆਂ ਅਵਾਜ਼ਾਂ ਤੇ ਦਰਵਾਜ਼ੇ ਬੈਠੇ ਬਜ਼ੁਰਗਾਂ ਦੇ ਠਹਾਕਿਆਂ ਦੀਆਂ ਅਵਾਜ਼ਾਂ , ਇੱਥੋਂ ਤੱਕ ਕਿ ਬਲਦਾਂ ਦੀਆਂ ਟੱਲੀਆਂ ਦੀ ਅਵਾਜ਼ ਤੇ ਸਵੇਰੇ ਸ਼ਾਮ ਪੰਛੀਆਂ ਦਾ ਚਹਿਚਹਿਕਾਉਣਾ ਪੂਰੇ ਪਿੰਡ ਦੇ ਵਾਤਾਵਰਨ ਵਿੱਚ ਸਕਾਰ-ਤਮਕ ਊਰਜਾ ਪੈਦਾ ਕਰ ਦਿੰਦੀ ਸੀ । ਅੱਜ ਚਾਹੇ ਪਿੰਡਾਂ ਵਿੱਚ ਆਲੀਸ਼ਾਨ ਕੋਠੀਆਂ ਦਿਖਾਈ ਦਿੰਦੀਆਂ ਹਨ, ਉਹਨਾਂ ਵਿੱਚ ਸੁੱਖ ਸਹੂਲਤਾਂ ਦੀ ਕੋਈ ਕਮੀ ਨਹੀਂ ਹੈ ਪਰ ਜੇ ਕਮੀ ਹੈ ਤਾਂ ਉਹ ਪਹਿਲਾਂ ਵਾਲੇ ਹਾਸਿਆਂ ਦੀ ਹੈ, ਵੱਡੇ ਵੱਡੇ ਆਲੀਸ਼ਾਨ ਘਰਾਂ ਵਿੱਚ ਕਿਸੇ ਨੁੱਕਰੇ ਬੈਠੇ ਬਜ਼ੁਰਗ ਦੇ ਚਿਹਰੇ ਤੋਂ ਉਦਾਸੀ ਵਾਲੀ ਚੁੱਪ ਝਲਕਦੀ ਹੈ, ਵਿਹੜਿਆਂ ਵਿੱਚ ਖੜ੍ਹੇ ਵੱਡੇ ਵੱਡੇ ਸੰਦ ਬਲਦਾਂ ਦੀਆਂ ਟੱਲੀਆਂ ਦਾ ਮੁਕਾਬਲਾ ਕਰਨ ਦੇ ਸਮਰੱਥ ਨਹੀਂ ਲੱਗਦੇ, ਸੱਥਾਂ ਵਿੱਚ ਬੈਠੇ ਬਜ਼ੁਰਗਾਂ ਦੀ ਹਾਸਿਆਂ ਦੀ ਛਣਕਾਰ ਪਿੰਡ ਦੇ ਨੌਜਵਾਨਾਂ ਨੂੰ ਲੱਗੀ ਨਸ਼ਿਆਂ ਦੀ ਲਤ ਨੇ ਲਤਾੜ ਦਿੱਤੀ ਹੈ।

ਬਚਪਨ ਵਿੱਚ ਸਾਡੇ ਬਜ਼ੁਰਗ ਦੇ ਮੂੰਹੋਂ ਸੁਣੀ ਗੱਲ ਮੈਨੂੰ ਵਾਰ ਵਾਰ ਯਾਦ ਆਉਂਦੀ ਹੈ , ਜੋ ਅਕਸਰ ਸਾਨੂੰ ਉਹ ਦੱਸਿਆ ਕਰਦੇ ਸਨ ਕਿ ਜਦ ਉਹ ਆਪਣੇ ਬਚਪਨ ਵਿੱਚ ਪਿੰਡ ਦੇ ਮੁੰਡਿਆਂ ਨਾਲ ਖੇਡਦੇ ਹੁੰਦੇ ਸਨ ਤਾਂ ਇੱਕ ਮੁੰਡੇ ਨੂੰ ਬੀੜੀਆਂ ਤੇ ਸੁੱਖਾ ਪੀਣ ਦੀ ਆਦਤ ਸੀ ਤੇ ਉਹ ਉਹਨਾਂ ਦੇ ਮੂੰਹ ਨੂੰ ਜ਼ਬਰਦਸਤੀ ਲਾ ਦਿੰਦਾ ਸੀ ਤਾਂ ਉਹ ਵਾਰ ਵਾਰ ਕੁਰਲੀਆਂ ਕਰਦੇ, ਮੂੰਹ ਨੂੰ ਧੋਂਦੇ ਪਰ ਇੱਕ ਨਸ਼ੇੜੀ ਮਗਰ ਲੱਗਣ ਦੀ ਬਿਜਾਏ ਆਪਣੇ ਆਪ ਨੂੰ ਸੰਭਾਲਦੇ। ਮੈਂ ਅੱਜ ਸੋਚਦੀ ਹਾਂ ਕਿ ਕਾਸ਼! ਕਿਤੇ ਅੱਜ ਦੇ ਸਾਡੇ ਨੌਜਵਾਨਾਂ ਅੰਦਰ ਵੀ ਇਹੀ ਜਜ਼ਬਾ ਪੈਦਾ ਹੋ ਜਾਏ । ਨਸ਼ੇੜੀਆਂ ਦੇ ਸੰਗੀ ਬਣਨ ਦੀ ਬਜਾਏ ਆਪਣੇ ਆਪ ਨੂੰ ਰੋਕਣ ਲੱਗ ਪੈਣ ਤਾਂ ਸਾਡੇ ਪਿੰਡਾਂ ਦੇ ਹਾਸੇ ਕਿਤੇ ਫੇਰ ਵਾਪਸ ਮੁੜ ਆਉਣ। ਪਹਿਲਾਂ ਜਿੱਥੇ ਨੌਜਵਾਨਾਂ ਦੇ ਉੱਚੇ ਅਹੁਦਿਆਂ ਜਾਂ ਗੱਭਰੂਆਂ ਦੇ ਬਹਾਦੁਰੀ ਵਾਲ਼ੇ ਕਾਰਨਾਮਿਆਂ ਦੀ ਪਛਾਣ ਪੂਰੇ ਪਿੰਡ ਦਾ ਮਾਣ ਵਧਾਉਂਦੀ ਸੀ,ਉੱਥੇ ਉਹ ਸੱਥਾਂ ਵਿੱਚ ਬੈਠੇ ਬਜ਼ੁਰਗਾਂ ਦੇ ਠਹਾਕਿਆਂ ਦਾ ਕਾਰਨ ਬਣਦੇ ਸਨ, ਛਿੰਝਾਂ ਤੇ ਪਿੜਾਂ ਦੀ ਰੌਣਕ ਬਣਦੇ ਸਨ।

ਅੱਜ ਜਦ ਵੀ ਕਦੇ ਪਿੰਡ ਜਾਈਏ ਤਾਂ ਪਤਾ ਲੱਗਦਾ ਹੈ ਕਿ ਕਿਸੇ ਦਾ ਮੁੰਡਾ ਵੀ 'ਚਿੱਟੇ' ਤੇ ਲੱਗ ਗਿਆ, ਕਿਸੇ ਦੇ ਮੁੰਡੇ ਨੇ ਤਾਂ ਆਪਣੇ ਪਿਓ ਦੀ ਸਾਰੀ ਜ਼ਮੀਨ 'ਚਿੱਟੇ' ਦੇ ਲੇਖੇ ਲਾ ਦਿੱਤੀ, ਕਿਸੇ ਦੇ ਮੁੰਡੇ ਦੀ ਘਰਵਾਲ਼ੀ ਓਹਦੀ ਨਸ਼ਿਆਂ ਦੀ ਆਦਤ ਕਰਕੇ ਛੱਡ ਕੇ ਚਲੀ ਗਈ, ਕਿਸੇ ਦਾ ਮੁੰਡਾ ਚਿੱਟਾ ਵੇਚਦਾ ਫੜਿਆ ਗਿਆ, ਕੋਈ ਇਸ ਆਦਤ ਕਰਕੇ ਮਰ ਗਿਆ, ਕਿਸੇ ਨੂੰ ਇਸ ਬੁਰੀ ਆਦਤ ਤੋਂ ਬਚਾਉਣ ਲਈ ਮਾਪਿਆਂ ਨੇ ਵਿਦੇਸ਼ ਭੇਜ ਦਿੱਤਾ,ਪਿੰਡ ਦੇ ਕਿੰਨੇ ਮੁੰਡੇ ਵਿਆਹੇ ਨਹੀਂ ਜਾ ਰਹੇ ਕਿਉਂ ਕਿ ਜਿਹੜਾ ਕੋਈ ਰਿਸ਼ਤਾ ਕਰਨ ਆਉਂਦਾ ਹੈ ਉਹਨਾਂ ਨੂੰ ਪਹਿਲਾਂ ਹੀ ਪਤਾ ਲੱਗ ਜਾਂਦਾ ਹੈ ਕਿ ਮੁੰਡਾ ਨਸੇੜੀ ਹੈ ਤੇ ਗੱਲ ਤਾਂ ਐਥੇ ਆ ਕੇ ਮੁੱਕਦੀ ਹੈ ਜਦ ਕਿਸੇ ਨਾ ਕਿਸੇ ਦੇ ਮੂੰਹੋਂ ਵੱਡਾ ਸਾਰਾ ਹਉਕਾ ਲੈ ਕੇ ਇਹ ਗੱਲ ਆਖ ਦਿੱਤੀ ਜਾਂਦੀ ਹੈ," ਹੁਣ ਤਾਂ ਕੋਈ ਕਰਮਾਂ ਵਾਲਾ ਘਰ ਈ ਹੋਊ ਜਿਹਨਾਂ ਦਾ ਮੁੰਡਾ ਚਿੱਟੇ ਤੇ ਨੀ ਲੱਗਿਆ ਹੋਊ...!" ਇਹ 'ਚਿੱਟੇ' ਨਾਂ ਦੀ ਬਲਾ ਨੇ ਕਦ ਆ ਕੇ ਪਿੰਡਾਂ ਵਿੱਚ ਡੇਰਾ ਜਮਾ ਲਿਆ ਕਿ ਮਾਵਾਂ ਦੀਆਂ ਕੁੱਖਾਂ ਨੂੰ ਸਿਉਂਕ ਵਾਂਗੂੰ ਲੱਗ ਕੇ ਘੁਣ ਵਾਂਗ ਖਾਈ ਜਾ ਰਹੀ ਹੈ, ਛੈਲ ਛਬੀਲੇ ਆਖੇ ਜਾਣ ਵਾਲੇ ਗੱਭਰੂਆਂ ਦੇ ਜੁੱਸਿਆਂ ਨੂੰ ਨਸ਼ਿਆਂ ਦੀ ਦਲਦਲ ਵਿੱਚ ਦਫ਼ਨ ਕਰਦੀ ਜਾ ਰਹੀ ਹੈ ਤੇ ਕਦ ਇਸ ਨੇ ਆਪਣੇ ਪੈਰ ਇਸ ਤਰ੍ਹਾਂ ਫੈਲਾ ਲਏ ਕਿ ਪੰਜਾਬ ਦੇ ਪਿੰਡਾਂ ਦਾ ਇਹ ਸਾਂਝਾ ਦੁਖਾਂਤ ਬਣ ਗਿਆ।

ਬਰਜਿੰਦਰ ਕੌਰ ਬਿਸਰਾਓ...
9988901324

ਗੀਤਾਂ ਦੀ ਰੂਹ ਬਣ ਕੇ ਸਦਾ ਜਿਉਂਦੀ ਰਹੇਗੀ ਸੁਮਨ ਕਲਿਆਣਪੁਰ ਦੀ ਮਖ਼ਮਲੀ ਆਵਾਜ਼

ਭਾਰਤੀ ਫ਼ਿਲਮੀ ਸੰਗੀਤ ਦੇ ਸੁਨਹਿਰੇ ਦੌਰ ਦੀਆਂ ਯਾਦਾਂ ਜਦੋਂ ਵੀ ਤਾਜ਼ਾ ਕੀਤੀਆਂ ਜਾਣਗੀਆਂ ਤਾਂ ਸੁਮਨ ਕਲਿਆਣਪੁਰ ਦਾ ਨਾਮ ਬੜੇ ਆਦਰ, ਸਤਿਕਾਰ ਅਤੇ ਮਾਣ ਨਾਲ ਲਿਆ ਜਾਵੇਗਾ। ਉਨ੍ਹਾਂ ਦੀ ਆਵਾਜ਼ ਸਿਰਫ਼ ਸੁਰਾਂ ਦਾ ਸੁਮੇਲ ਨਹੀਂ ਸੀ, ਸਗੋਂ ਮੁਹੱਬਤ, ਵਿਛੋੜੇ, ਖੁਸ਼ੀ, ਦਰਦ ਅਤੇ ਮਨੁੱਖੀ ਜਜ਼ਬਾਤਾਂ ਦੀ ਅਜਿਹੀ ਤਰਜਮਾਨ ਸੀ ਜਿਸ ਨੇ ਲੱਖਾਂ ਸੰਗੀਤ-ਪ੍ਰੇਮੀਆਂ ਦੇ ਦਿਲਾਂ ਵਿੱਚ ਸਦੀਵੀ ਥਾਂ ਬਣਾਈ। 31 ਮਈ 2026 ਨੂੰ ਇਹ ਮਖ਼ਮਲੀ ਆਵਾਜ਼ ਭਾਵੇਂ ਸਦਾ ਲਈ ਖ਼ਾਮੋਸ਼ ਹੋ ਗਈ, ਪਰ ਉਨ੍ਹਾਂ ਦੇ ਗੀਤ ਅੱਜ ਵੀ ਉਸੇ ਤਰ੍ਹਾਂ ਸਾਡੇ ਦਿਲਾਂ ਵਿੱਚ ਗੂੰਜਦੇ ਹਨ ਜਿਵੇਂ ਆਪਣੇ ਦੌਰ ਵਿੱਚ ਗੂੰਜਦੇ ਸਨ।

28 ਜਨਵਰੀ 1937 ਨੂੰ ਢਾਕਾ (ਮੌਜੂਦਾ ਬੰਗਲਾਦੇਸ਼) ਵਿੱਚ ਜਨਮੀ ਸੁਮਨ ਹੇਮਾਡੀ ਦਾ ਪਰਿਵਾਰ ਕਰਨਾਟਕ ਦੇ ਮੰਗਲੁਰੂ ਨਾਲ ਸਬੰਧਿਤ ਸੀ। ਉਨ੍ਹਾਂ ਦੇ ਪਿਤਾ ਸ਼ੰਕਰ ਰਾਓ ਹੇਮਾਡੀ ਸੈਂਟਰਲ ਬੈਂਕ ਆਫ਼ ਇੰਡੀਆ ਵਿੱਚ ਕਰਮਚਾਰੀ ਸਨ ਅਤੇ ਨੌਕਰੀ ਦੇ ਸਬੰਧ ਵਿੱਚ ਢਾਕਾ ਵਿਖੇ ਤਾਇਨਾਤ ਸਨ। 1943 ਵਿੱਚ ਪਰਿਵਾਰ ਮੁੰਬਈ ਆ ਵੱਸਿਆ, ਜਿੱਥੇ ਸੁਮਨ ਦੇ ਸੰਗੀਤਕ ਸੁਪਨਿਆਂ ਨੂੰ ਨਵੀਂ ਉਡਾਣ ਮਿਲੀ।

ਸੇਂਟ ਕੋਲੰਬਾ ਹਾਈ ਸਕੂਲ ਤੋਂ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਉਨ੍ਹਾਂ ਨੇ ਸਰ ਜੇ. ਜੇ. ਸਕੂਲ ਆਫ਼ ਆਰਟਸ ਵਿੱਚ ਦਾਖਲਾ ਲੈ ਕੇ ਚਿੱਤਰਕਲਾ ਦੇ ਖੇਤਰ ਵਿੱਚ ਵੀ ਆਪਣੀ ਰੁਚੀ ਨੂੰ ਅੱਗੇ ਵਧਾਇਆ। ਸੰਗੀਤ ਅਤੇ ਕਲਾ ਪ੍ਰਤੀ ਉਨ੍ਹਾਂ ਦਾ ਪਿਆਰ ਬਚਪਨ ਤੋਂ ਹੀ ਗੂੜ੍ਹਾ ਸੀ। ਉਨ੍ਹਾਂ ਨੇ ਸ਼ਾਸਤਰੀ ਸੰਗੀਤ ਦੀ ਤਾਲੀਮ ਪੰਡਿਤ ਕੇਸ਼ਵ ਰਾਓ ਭੋਲੇ ਕੋਲੋਂ ਪ੍ਰਾਪਤ ਕੀਤੀ ਅਤੇ ਬਾਅਦ ਵਿੱਚ ਉਸਤਾਦ ਅਬਦੁਲ ਰਹਿਮਾਨ ਖ਼ਾਨ ਦੀ ਰਹਿਨੁਮਾਈ ਹੇਠ ਆਪਣੀ ਗਾਇਕੀ ਨੂੰ ਹੋਰ ਨਿਖਾਰਿਆ।

ਸੁਮਨ ਕਲਿਆਣਪੁਰ ਨੇ 1952 ਵਿੱਚ ਆਲ ਇੰਡੀਆ ਰੇਡੀਓ ਤੋਂ ਆਪਣੀ ਪਹਿਲੀ ਜਨਤਕ ਪੇਸ਼ਕਾਰੀ ਦਿੱਤੀ। 1953 ਵਿੱਚ ਇੱਕ ਮਰਾਠੀ ਫ਼ਿਲਮ ਰਾਹੀਂ ਉਨ੍ਹਾਂ ਨੇ ਪਲੇਬੈਕ ਗਾਇਕੀ ਦੇ ਖੇਤਰ ਵਿੱਚ ਕਦਮ ਰੱਖਿਆ। ਉਨ੍ਹਾਂ ਦੀ ਪ੍ਰਤਿਭਾ ਤੋਂ ਪ੍ਰਭਾਵਿਤ ਹੋ ਕੇ ਸੰਗੀਤਕਾਰ ਮੁਹੰਮਦ ਸ਼ਫ਼ੀ ਨੇ ਫ਼ਿਲਮ ਮੰਗੂ (1954) ਵਿੱਚ ਤਿੰਨ ਗੀਤ ਗਾਉਣ ਦਾ ਮੌਕਾ ਦਿੱਤਾ, ਜਿਸ ਨਾਲ ਹਿੰਦੀ ਫ਼ਿਲਮ ਸੰਗੀਤ ਵਿੱਚ ਉਨ੍ਹਾਂ ਦੇ ਸੁਨਹਿਰੇ ਸਫ਼ਰ ਦੀ ਸ਼ੁਰੂਆਤ ਹੋਈ।

1950 ਅਤੇ 1960 ਦੇ ਦਹਾਕਿਆਂ ਨੂੰ ਭਾਰਤੀ ਫ਼ਿਲਮੀ ਸੰਗੀਤ ਦਾ ਸੁਨਹਿਰਾ ਯੁੱਗ ਮੰਨਿਆ ਜਾਂਦਾ ਹੈ ਅਤੇ ਇਸ ਯੁੱਗ ਦੀਆਂ ਚਮਕਦਾਰ ਆਵਾਜ਼ਾਂ ਵਿੱਚ ਸੁਮਨ ਕਲਿਆਣਪੁਰ ਦਾ ਨਾਮ ਵਿਸ਼ੇਸ਼ ਸਥਾਨ ਰੱਖਦਾ ਹੈ। ਆਪਣੀ ਨਰਮ, ਮਿੱਠੀ ਅਤੇ ਭਾਵਨਾਵਾਂ ਨਾਲ ਭਰੀ ਆਵਾਜ਼ ਰਾਹੀਂ ਉਨ੍ਹਾਂ ਨੇ ਅਣਗਿਣਤ ਯਾਦਗਾਰ ਗੀਤ ਸੰਗੀਤ-ਜਗਤ ਨੂੰ ਭੇਟ ਕੀਤੇ। "ਨਾ ਤੁਮ ਹਮੇ ਜਾਨੋ", "ਆਜਕਲ ਤੇਰੇ ਮੇਰੇ ਪਿਆਰ ਕੇ ਚਰਚੇ", "ਤੁਮਨੇ ਪੁਕਾਰਾ ਔਰ ਹਮ ਚਲੇ ਆਏ", "ਮੇਰਾ ਪਿਆਰ ਭੀ ਤੂ ਹੈ" ਅਤੇ "ਮੋਰਨੀ ਮੈਂ ਜੰਗਲ ਕੀ ਮੋਰਨੀ" ਵਰਗੇ ਗੀਤ ਅੱਜ ਵੀ ਸੰਗੀਤ-ਪ੍ਰੇਮੀਆਂ ਦੀ ਜ਼ੁਬਾਨ 'ਤੇ ਹਨ।

ਪੰਜਾਬੀ ਸੰਗੀਤ ਨੂੰ ਵੀ ਉਨ੍ਹਾਂ ਨੇ ਬੇਮਿਸਾਲ ਯੋਗਦਾਨ ਦਿੱਤਾ। "ਰਾਤਾਂ ਨੇ ਹਨੇਰੀਆਂ ਤੇ ਚੰਨ ਮੈਥੋਂ ਦੂਰ ਵੇ", "ਲੰਮੀਆਂ ਤੇ ਕਾਲੀਆਂ ਚੰਨ ਵੇ ਰਾਤਾਂ ਜੁਦਾਈ ਵਾਲਿਆ", "ਮੈਨੂੰ ਕਹਿੰਦੇ ਚੰਬੇ ਦੀ ਕਲੀ", "ਬੀਨ ਕਾਹਨੂੰ ਸੱਜਣਾ ਵਜਾਣਾ ਏਂ" ਅਤੇ "ਮੈਨੂੰ ਤੇਰੇ ਪਿੱਛੇ ਸੱਜਣਾ ਕਦੇ ਰੋਣਾ ਪਿਆ, ਕਦੇ ਹੱਸਣਾ ਪਿਆ" ਵਰਗੇ ਗੀਤ ਅੱਜ ਵੀ ਪੰਜਾਬੀ ਸੰਗੀਤ ਦੀ ਅਮੋਲ ਧਰੋਹਰ ਮੰਨੇ ਜਾਂਦੇ ਹਨ।

ਸੁਮਨ ਕਲਿਆਣਪੁਰ ਦੀ ਗਾਇਕੀ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਉਨ੍ਹਾਂ ਦੀ ਸਾਦਗੀ, ਸੁਰੀਲਾਪਣ ਅਤੇ ਭਾਵਨਾਤਮਕ ਡੂੰਘਾਈ ਸੀ। ਉਹ ਹਰ ਰਾਗ ਅਤੇ ਹਰ ਭਾਸ਼ਾ ਨੂੰ ਆਪਣੀ ਆਵਾਜ਼ ਨਾਲ ਜੀਵੰਤ ਕਰ ਦਿੰਦੇ ਸਨ। ਹਿੰਦੀ ਅਤੇ ਪੰਜਾਬੀ ਤੋਂ ਇਲਾਵਾ ਉਨ੍ਹਾਂ ਨੇ ਮਰਾਠੀ, ਬੰਗਾਲੀ, ਗੁਜਰਾਤੀ, ਅਸਾਮੀ, ਕੰਨੜ, ਭੋਜਪੁਰੀ, ਰਾਜਸਥਾਨੀ ਅਤੇ ਉੜੀਆ ਸਮੇਤ ਕਈ ਭਾਸ਼ਾਵਾਂ ਵਿੱਚ ਗੀਤ ਗਾ ਆਪਣੀ ਬਹੁਪੱਖੀ ਪ੍ਰਤਿਭਾ ਦਾ ਸਬੂਤ ਦਿੱਤਾ।

ਉਨ੍ਹਾਂ ਦੀ ਆਵਾਜ਼ ਲਤਾ ਮੰਗੇਸ਼ਕਰ ਨਾਲ ਕਾਫ਼ੀ ਹੱਦ ਤਕ ਮਿਲਦੀ-ਜੁਲਦੀ ਸੀ ਅਤੇ ਕਈ ਵਾਰ ਸਰੋਤੇ ਦੋਵਾਂ ਦੀਆਂ ਆਵਾਜ਼ਾਂ ਵਿੱਚ ਫ਼ਰਕ ਕਰਨਾ ਵੀ ਔਖਾ ਸਮਝਦੇ ਸਨ। ਪਰ ਸੁਮਨ ਕਲਿਆਣਪੁਰ ਨੇ ਆਪਣੀ ਨਿਮਰਤਾ, ਸੰਤੁਲਨ ਅਤੇ ਵਿਲੱਖਣ ਗਾਇਕੀ ਦੇ ਅੰਦਾਜ਼ ਨਾਲ ਆਪਣੀ ਵੱਖਰੀ ਪਛਾਣ ਬਣਾਈ ਅਤੇ ਸੰਗੀਤ-ਜਗਤ ਵਿੱਚ ਇੱਕ ਅਲੱਗ ਮੁਕਾਮ ਹਾਸਲ ਕੀਤਾ।

ਮੁਹੰਮਦ ਰਫ਼ੀ, ਮੁਕੇਸ਼, ਮੰਨਾ ਡੇ, ਤਲਤ ਮਹਮੂਦ ਅਤੇ ਹੇਮੰਤ ਕੁਮਾਰ ਵਰਗੇ ਮਹਾਨ ਗਾਇਕਾਂ ਨਾਲ ਗਾਏ ਉਨ੍ਹਾਂ ਦੇ ਯੁਗਲ ਗੀਤ ਅੱਜ ਵੀ ਭਾਰਤੀ ਸੰਗੀਤ ਦੀ ਅਨਮੋਲ ਵਿਰਾਸਤ ਮੰਨੇ ਜਾਂਦੇ ਹਨ। ਉਨ੍ਹਾਂ ਨੇ ਸ਼ੰਕਰ-ਜੈਕਿਸ਼ਨ, ਮਦਨ ਮੋਹਨ, ਰੋਸ਼ਨ, ਐਸ. ਡੀ. ਬਰਮਨ, ਨੌਸ਼ਾਦ, ਚਿਤਰਗੁਪਤ, ਕਲਿਆਣਜੀ-ਆਨੰਦਜੀ ਅਤੇ ਲਕਸ਼ਮੀਕਾਂਤ-ਪਿਆਰੇਲਾਲ ਵਰਗੇ ਮਹਾਨ ਸੰਗੀਤਕਾਰਾਂ ਨਾਲ ਕੰਮ ਕਰਕੇ ਆਪਣੇ ਹੁਨਰ ਦਾ ਲੋਹਾ ਮਨਵਾਇਆ।

ਆਪਣੇ ਸ਼ਾਨਦਾਰ ਸੰਗੀਤਕ ਸਫ਼ਰ ਦੌਰਾਨ ਉਨ੍ਹਾਂ ਨੂੰ ਅਨੇਕਾਂ ਸਨਮਾਨ ਪ੍ਰਾਪਤ ਹੋਏ। ਉਨ੍ਹਾਂ ਨੂੰ ਸਰਵੋਤਮ ਸ਼ਾਸਤਰੀ ਗਾਇਕੀ ਲਈ ਤਿੰਨ ਵਾਰ "ਸੁਰ ਸ਼ਿੰਗਾਰ ਸੰਸਦ" ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ 2009 ਵਿੱਚ "ਲਤਾ ਮੰਗੇਸ਼ਕਰ ਐਵਾਰਡ", 2015 ਵਿੱਚ "ਗਦੀਮਾ ਐਵਾਰਡ", 2022 ਵਿੱਚ "ਮਿਰਚੀ ਮਿਊਜ਼ਿਕ ਲਾਈਫਟਾਈਮ ਅਚੀਵਮੈਂਟ ਐਵਾਰਡ" ਅਤੇ 2023 ਵਿੱਚ ਭਾਰਤ ਸਰਕਾਰ ਵੱਲੋਂ "ਪਦਮ ਭੂਸ਼ਣ" ਨਾਲ ਨਿਵਾਜਿਆ ਗਿਆ।

ਉਨ੍ਹਾਂ ਦੀ ਸਫ਼ਲਤਾ ਪਿੱਛੇ ਉਨ੍ਹਾਂ ਦੇ ਪਤੀ ਰਮਾਨੰਦ ਕਲਿਆਣਪੁਰ ਦਾ ਮਹੱਤਵਪੂਰਨ ਯੋਗਦਾਨ ਰਿਹਾ। 1958 ਵਿੱਚ ਹੋਏ ਵਿਆਹ ਤੋਂ ਬਾਅਦ ਰਮਾਨੰਦ ਨੇ ਹਰ ਕਦਮ 'ਤੇ ਉਨ੍ਹਾਂ ਦਾ ਸਾਥ ਦਿੱਤਾ ਅਤੇ ਉਨ੍ਹਾਂ ਦੇ ਸੰਗੀਤਕ ਸੁਪਨਿਆਂ ਨੂੰ ਖੰਭ ਲਗਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਉਹ ਲਗਭਗ ਹਰ ਰਿਕਾਰਡਿੰਗ ਦੌਰਾਨ ਉਨ੍ਹਾਂ ਦੇ ਨਾਲ ਰਹਿੰਦੇ ਸਨ। ਸੁਮਨ ਕਲਿਆਣਪੁਰ ਦਾ ਦੇਹਾਂਤ ਭਾਵੇਂ ਭਾਰਤੀ ਸੰਗੀਤ ਜਗਤ ਲਈ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਹੈ, ਪਰ ਉਨ੍ਹਾਂ ਦੀ ਆਵਾਜ਼, ਉਨ੍ਹਾਂ ਦੇ ਗੀਤ ਅਤੇ ਉਨ੍ਹਾਂ ਦੀ ਸੰਗੀਤਕ ਵਿਰਾਸਤ ਸਦੀਆਂ ਤੱਕ ਸਰੋਤਿਆਂ ਦੇ ਦਿਲਾਂ ਵਿੱਚ ਜਿਉਂਦੀ ਰਹੇਗੀ।

ਬਲਦੇਵ ਸਿੰਘ ਬੇਦੀ
ਜਲੰਧਰ
9041925181

ਸੁਰਾਂ ਦੀ ਉਹ ਸਾਦਾ ਤੇ ਸੁਰੀਲੀ ਆਵਾਜ਼ ਜੋ ਹੁਣ ਯਾਦਾਂ ਵਿੱਚ ਗੂੰਜੇਗੀ

ਸੁਮਨ ਕਲਿਆਣਪੁਰ ਨੂੰ ਭਾਵਭਿੰਨੀ ਸ਼ਰਧਾਂਜਲੀ

ਅੱਜ ਸਵੇਰੇ ਕਾਰ ਵਿੱਚ ਸਫ਼ਰ ਕਰਦਿਆਂ ਰੇਡੀਓ ਤੋਂ ਖ਼ਬਰ ਸੁਣੀ ਕਿ ਹਿੰਦੀ ਫ਼ਿਲਮੀ ਸੰਗੀਤ ਦੀਆਂ ਸਭ ਤੋਂ ਮਿੱਠੀਆਂ ਅਤੇ ਨਫ਼ੀਸ ਆਵਾਜ਼ਾਂ ਵਿੱਚੋਂ ਇੱਕ ਸੁਮਨ ਕਲਿਆਣਪੁਰ ਦਾ ਕੱਲ 31 ਮਈ ਨੂੰ ਮੁੰਬਈ ਵਿੱਚ ਦੇਹਾਂਤ ਹੋ ਗਿਆ ਹੈ। ਇਹ ਖ਼ਬਰ ਸੁਣਦਿਆਂ ਹੀ ਮਨ ਇੱਕ ਅਜੀਬ ਉਦਾਸੀ ਨਾਲ ਭਰ ਗਿਆ। ਲੱਗਾ ਜਿਵੇਂ ਮੇਰੀਆਂ ਯਾਦਾਂ ਦਾ ਇੱਕ ਅਨਮੋਲ ਸਫ਼ਾ ਅਚਾਨਕ ਹਵਾ ਵਿੱਚ ਉੱਡ ਗਿਆ ਹੋਵੇ।

ਮੇਰੀਆਂ ਅੱਖਾਂ ਸਾਹਮਣੇ 1992 ਦਾ ਉਹ ਦੌਰ ਘੁੰਮ ਗਿਆ, ਜਦੋਂ ਮੈਂ ਪਹਿਲੀ ਵਾਰ ਰੇਡੀਓ ਨਾਲ ਜੁੜਿਆ ਸੀ। ਆਲ ਇੰਡੀਆ ਰੇਡੀਓ ਦੀ ਉਰਦੂ ਸਰਵਿਸ ਤੋਂ ਹਰ ਸਵੇਰ ਅੱਠ ਵਜੇ ਪ੍ਰਸਾਰਿਤ ਹੋਣ ਵਾਲਾ ਪ੍ਰੋਗਰਾਮ "ਆਪ ਕੀ ਫਰਮਾਇਸ਼" ਮੇਰੇ ਦਿਨ ਦਾ ਅਟੁੱਟ ਹਿੱਸਾ ਹੁੰਦਾ ਸੀ। ਉਸ ਪ੍ਰੋਗਰਾਮ ਦੌਰਾਨ ਜਦੋਂ ਅਨਾਊਂਸਰ ਦੀ ਠਹਿਰਾਅ ਵਾਲੀ ਆਵਾਜ਼ ਉੱਭਰਦੀ,

"ਅਗਲਾ ਨਗ਼ਮਾ ਮੁਹੰਮਦ ਰਫ਼ੀ ਔਰ ਸੁਮਨ ਕਲਿਆਣਪੁਰ ਕੀ ਆਵਾਜ਼ ਮੇਂ, ਨਗ਼ਮਾ ਨਿਗਾਰ ਹਸਰਤ ਜੈਪੁਰੀ ਔਰ ਮੌਸੀਕਾਰ ਸ਼ੰਕਰ ਜੈਕਿਸ਼ਨ", ਤਾਂ ਪਤਾ ਨਹੀਂ ਕਿਉਂ 'ਸੁਮਨ ਕਲਿਆਣਪੁਰ' ਨਾਮ ਮੇਰੇ ਮਨ ਵਿੱਚ ਇੱਕ ਖ਼ਾਸ ਜਿਹੀ ਖਿੱਚ ਪੈਦਾ ਕਰਦਾ ਸੀ। ਹੌਲੀ-ਹੌਲੀ ਮੈਂ ਉਨ੍ਹਾਂ ਦੀ ਆਵਾਜ਼ ਦਾ ਮੁਰੀਦ ਬਣਦਾ ਗਿਆ। ਉਸ ਵੇਲੇ ਸ਼ਾਇਦ ਮੈਨੂੰ ਇਹ ਵੀ ਨਹੀਂ ਪਤਾ ਸੀ ਕਿ ਇਹ ਗਾਇਕਾ ਕੌਣ ਹੈ, ਪਰ ਉਨ੍ਹਾਂ ਦੀ ਆਵਾਜ਼ ਦੀ ਮਿਠਾਸ ਸਿੱਧੀ ਦਿਲ ਵਿੱਚ ਉਤਰ ਜਾਂਦੀ ਸੀ।

ਹਿੰਦੀ ਫ਼ਿਲਮੀ ਸੰਗੀਤ ਦੇ ਸੁਨਹਿਰੀ ਯੁੱਗ ਦੀਆਂ ਸਭ ਤੋਂ ਸਰੀਲੀਆਂ ਆਵਾਜ਼ਾਂ ਵਿੱਚੋਂ ਇੱਕ ਸੁਮਨ ਕਲਿਆਣਪੁਰ ਦਾ ਜਨਮ 28 ਜਨਵਰੀ 1937 ਨੂੰ ਢਾਕਾ ਵਿਖੇ ਹੋਇਆ ਸੀ, ਜੋ ਉਸ ਵੇਲੇ ਅਖੰਡ ਭਾਰਤ ਦਾ ਹਿੱਸਾ ਸੀ। ਬਚਪਨ ਦੇ ਸਾਲਾਂ ਵਿੱਚ ਹੀ ਉਨ੍ਹਾਂ ਦਾ ਪਰਿਵਾਰ ਮੁੰਬਈ ਆ ਵੱਸਿਆ। ਬਚਪਨ ਤੋਂ ਹੀ ਸੰਗੀਤ ਪ੍ਰਤੀ ਰੁਚੀ ਰੱਖਣ ਵਾਲੀ ਸੁਮਨ ਨੇ ਸ਼ਾਸਤਰੀ ਸੰਗੀਤ ਦੀ ਬਕਾਇਦਾ ਸਿੱਖਿਆ ਹਾਸਲ ਕੀਤੀ ਅਤੇ ਸੁਰਾਂ ਦੀ ਦੁਨੀਆ ਵਿੱਚ ਆਪਣੇ ਲਈ ਇੱਕ ਵਿਲੱਖਣ ਥਾਂ ਬਣਾਈ।

1950 ਦੇ ਦਹਾਕੇ ਵਿੱਚ ਉਨ੍ਹਾਂ ਨੇ ਫ਼ਿਲਮੀ ਗਾਇਕੀ ਦੀ ਸ਼ੁਰੂਆਤ ਕੀਤੀ। ਉਹ ਸਮਾਂ ਲਤਾ ਮੰਗੇਸ਼ਕਰ, ਆਸ਼ਾ ਭੋਸਲੇ ਅਤੇ ਗੀਤਾ ਦੱਤ ਵਰਗੀਆਂ ਮਹਾਨ ਗਾਇਕਾਵਾਂ ਦਾ ਸੀ। ਅਜਿਹੇ ਮੁਕਾਬਲੇ ਵਾਲੇ ਦੌਰ ਵਿੱਚ ਆਪਣੀ ਪਛਾਣ ਬਣਾਉਣਾ ਕੋਈ ਆਸਾਨ ਕੰਮ ਨਹੀਂ ਸੀ। ਪਰ ਇਤਿਹਾਸ ਦਾ ਉਹ ਪੰਨਾ ਬਹੁਤ ਅਹਿਮ ਹੈ ਜਦੋਂ 1960ਵਿਆਂ ਦੇ ਦਹਾਕੇ ਵਿੱਚ ਰਾਇਲਟੀ ਦੇ ਮੁੱਦੇ 'ਤੇ ਮੁਹੰਮਦ ਰਫ਼ੀ ਅਤੇ ਲਤਾ ਮੰਗੇਸ਼ਕਰ ਵਿਚਕਾਰ ਅਣਬਣ ਹੋ ਗਈ ਸੀ। ਉਸ ਦੌਰ ਵਿੱਚ ਪੈਦਾ ਹੋਏ ਖਲਾਅ ਨੂੰ ਸੁਮਨ ਕਲਿਆਣਪੁਰ ਨੇ ਬਾਖ਼ੂਬੀ ਭਰਿਆ। ਸ਼ੰਕਰ-ਜੈਕਿਸ਼ਨ, ਰੋਸ਼ਨ, ਖਯਾਮ ਅਤੇ ਮਦਨ ਮੋਹਨ ਵਰਗੇ ਦਿੱਗਜ ਸੰਗੀਤਕਾਰਾਂ ਨੇ ਉਨ੍ਹਾਂ ਦੀ ਨਰਮ, ਕੋਮਲ ਅਤੇ ਰੂਹ ਨੂੰ ਛੂਹ ਲੈਣ ਵਾਲੀ ਆਵਾਜ਼ 'ਤੇ ਭਰੋਸਾ ਜਤਾਇਆ। ਕਈ ਵਾਰ ਲੋਕ ਉਨ੍ਹਾਂ ਦੀ ਆਵਾਜ਼ ਨੂੰ ਲਤਾ ਮੰਗੇਸ਼ਕਰ ਦੀ ਆਵਾਜ਼ ਸਮਝਣ ਦੀ ਭੁੱਲ ਵੀ ਕਰ ਜਾਂਦੇ ਸਨ, ਪਰ ਸੰਗੀਤ ਦੇ ਜਾਣਕਾਰ ਜਾਣਦੇ ਸਨ ਕਿ ਸੁਮਨ ਦੀ ਗਾਇਕੀ ਦੀ ਆਪਣੀ ਇੱਕ ਵੱਖਰੀ ਨਜ਼ਾਕਤ ਅਤੇ ਪਹਿਚਾਣ ਸੀ।

ਸੁਮਨ ਕਲਿਆਣਪੁਰ ਦੀ ਗਾਇਕੀ ਦਾ ਸਭ ਤੋਂ ਸੁਨਹਿਰਾ ਅਧਿਆਏ ਮੁਹੰਮਦ ਰਫ਼ੀ ਨਾਲ ਗਾਏ ਗਏ ਯੁਗਲ ਗੀਤਾਂ ਨਾਲ ਜੁੜਿਆ ਹੋਇਆ ਹੈ। ਰਫ਼ੀ ਸਾਹਿਬ ਅਤੇ ਸੁਮਨ ਕਲਿਆਣਪੁਰ ਦੀਆਂ ਆਵਾਜ਼ਾਂ ਦਾ ਮੇਲ ਐਨਾ ਸੁਹਾਵਣਾ ਸੀ ਕਿ ਅੱਜ ਵੀ ਇਹ ਗੀਤ ਸੰਗੀਤ ਪ੍ਰੇਮੀਆਂ ਦੀ ਪਹਿਲੀ ਪਸੰਦ ਹਨ:-

"ਆਜ ਕਲ ਤੇਰੇ ਮੇਰੇ ਪਿਆਰ ਕੇ ਚਰਚੇ ਹਰ ਜ਼ੁਬਾਨ ਪਰ",

"ਅਜਹੂੰ ਨ ਆਏ ਬਾਲਮਾ",

"ਤੁਮਨੇ ਪੁਕਾਰਾ ਔਰ ਹਮ ਚਲੇ ਆਏ",

"ਨਾ ਨਾ ਕਰਤੇ ਪਿਆਰ ਤੁਮ੍ਹੀਂ ਸੇ ਕਰ ਬੈਠੇ",

"ਠਹਰਿਏ ਹੋਸ਼ ਮੇਂ ਆ ਲੂੰ" ਵਰਗੇ ਗੀਤ ਅੱਜ ਵੀ ਸਰੋਤਿਆਂ ਦੇ ਦਿਲਾਂ ਨੂੰ ਤਾਜ਼ਗੀ ਬਖ਼ਸ਼ਦੇ ਹਨ। ਜੇ ਉਨ੍ਹਾਂ ਦੇ ਇਕੱਲੇ ਗੀਤਾਂ ਦੀ ਗੱਲ ਕਰੀਏ ਤਾਂ

"ਨਾ ਤੁਮ ਹਮੇ ਜਾਣੋ",

"ਮੇਰੇ ਮਹਿਬੂਬ ਨਾ ਜਾ",

ਅਤੇ

"ਜੂਹੀ ਕੀ ਕਲੀ ਮੇਰੀ ਲਾਡਲੀ"

ਵਰਗੇ ਗੀਤ ਉਨ੍ਹਾਂ ਦੀ ਗਾਇਕੀ ਦੀਆਂ ਉੱਚਾਈਆਂ ਦਾ ਸਬੂਤ ਹਨ। ਉਨ੍ਹਾਂ ਦੀ ਆਵਾਜ਼ ਵਿੱਚ ਇੱਕ ਅਜਿਹਾ ਦਰਦ ਅਤੇ ਰੂਹਾਨੀਅਤ ਸੀ ਜੋ ਗੀਤ ਨੂੰ ਮਹਿਸੂਸ ਕਰਨ ਵਾਲਾ ਅਨੁਭਵ ਬਣਾ ਦਿੰਦੀ ਸੀ।

ਸੁਮਨ ਕਲਿਆਣਪੁਰ ਨੇ ਸਿਰਫ਼ ਹਿੰਦੀ ਹੀ ਨਹੀਂ, ਸਗੋਂ ਮਰਾਠੀ, ਗੁਜਰਾਤੀ, ਬੰਗਾਲੀ, ਭੋਜਪੁਰੀ ਅਤੇ ਹੋਰ ਕਈ ਭਾਸ਼ਾਵਾਂ ਵਿੱਚ ਵੀ ਆਪਣੀ ਆਵਾਜ਼ ਦਾ ਜਾਦੂ ਬਿਖੇਰਿਆ। ਉਨ੍ਹਾਂ ਦੀ ਗਾਇਕੀ ਦਾ ਇੱਕ ਹੋਰ ਘੱਟ ਚਰਚਿਤ ਪਰ ਬਹੁਤ ਹੀ ਮਿੱਠਾ ਪੱਖ ਉਨ੍ਹਾਂ ਦੀ ਪੰਜਾਬੀ ਗਾਇਕੀ ਨਾਲ ਜੁੜਿਆ ਹੋਇਆ ਹੈ। ਪੰਜਾਬੀ ਲੋਕ-ਗੀਤਾਂ ਅਤੇ ਵਿਆਹ-ਗੀਤਾਂ ਵਿੱਚ ਉਨ੍ਹਾਂ ਦੀ ਆਵਾਜ਼ ਨੇ ਆਪਣੀ ਵੱਖਰੀ ਛਾਪ ਛੱਡੀ।

"ਨਿੱਕੀ ਨਿੱਕੀ ਬੂੰਦੀ",

"ਮੱਥੇ ਤੇ ਚਮਕਣ ਵਾਲ",

"ਮਹਿੰਦੀ ਤਾਂ ਬੀਜਣ ਮੈਂ ਚੱਲੀ",

"ਘਰ ਲਿਆ ਸੁਨਿਆਰਿਆ"

"ਦਈਂ ਦਈਂ ਵੇ ਬਾਬੁਲ"

ਵਰਗੇ ਗੀਤ ਇੱਕ ਸਮੇਂ ਪੰਜਾਬੀ ਘਰਾਂ ਦੀਆਂ ਖੁਸ਼ੀਆਂ ਦਾ ਅਟੁੱਟ ਹਿੱਸਾ ਹੁੰਦੇ ਸਨ। ਉਨ੍ਹਾਂ ਦੀ ਐਲਬਮ "ਵਿਆਹ ਦੇ ਗੀਤ" ਅੱਜ ਵੀ ਪੰਜਾਬੀ ਲੋਕ-ਸੱਭਿਆਚਾਰ ਦੀ ਇੱਕ ਅਨਮੋਲ ਨਿਸ਼ਾਨੀ ਹੈ। ਉਨ੍ਹਾਂ ਦੀ ਆਵਾਜ਼ ਵਿੱਚ ਪੰਜਾਬੀ ਮਿੱਟੀ ਦੀ ਸਾਦਗੀ, ਧੀਆਂ ਦੇ ਵਿਛੋੜੇ ਦਾ ਦਰਦ ਅਤੇ ਵਿਆਹਾਂ ਦੀ ਰੌਣਕ ਇੱਕੋ ਵੇਲੇ ਮਹਿਸੂਸ ਹੁੰਦੀ ਸੀ।

ਲਗਭਗ ਚਾਰ ਦਹਾਕਿਆਂ ਤੱਕ ਭਾਰਤੀ ਸੰਗੀਤ ਨੂੰ ਦਿੱਤੀਆਂ ਸੇਵਾਵਾਂ ਬਦਲੇ 2023 ਵਿੱਚ ਭਾਰਤ ਸਰਕਾਰ ਵੱਲੋਂ ਉਨ੍ਹਾਂ ਨੂੰ 'ਪਦਮ ਭੂਸ਼ਣ' ਨਾਲ ਸਨਮਾਨਿਤ ਕੀਤਾ ਗਿਆ।

ਉਨ੍ਹਾਂ ਦੀ ਸ਼ਖ਼ਸੀਅਤ ਦੀ ਸਭ ਤੋਂ ਵਿਸ਼ੇਸ਼ ਗੱਲ ਇਹ ਸੀ ਕਿ ਉਹ ਸ਼ੋਹਰਤ ਦੀ ਚਕਾਚੌਂਧ ਅਤੇ ਵਿਵਾਦਾਂ ਤੋਂ ਹਮੇਸ਼ਾ ਦੂਰ ਰਹੇ। ਅੱਜ ਦੇ ਸ਼ੋਰ-ਸ਼ਰਾਬੇ ਵਾਲੇ ਦੌਰ ਵਿੱਚ, ਜਿੱਥੇ ਹਰ ਕੋਈ ਪ੍ਰਚਾਰ ਦੀ ਦੌੜ ਵਿੱਚ ਹੈ, ਉੱਥੇ ਸੁਮਨ ਜੀ ਦਾ ਸਾਦਗੀ ਭਰਿਆ ਜੀਵਨ ਅਤੇ ਚੁੱਪਚਾਪ ਆਪਣੀ ਕਲਾ ਨੂੰ ਸਮਰਪਿਤ ਰਹਿਣਾ ਨਵੀਂ ਪੀੜ੍ਹੀ ਲਈ ਇੱਕ ਬਹੁਤ ਵੱਡੀ ਸਿੱਖਿਆ ਹੈ। ਉਨ੍ਹਾਂ ਦੀ ਗਾਇਕੀ ਵਿੱਚ ਬਣਾਵਟ ਨਹੀਂ ਸੀ, ਸਗੋਂ ਇੱਕ ਅਜਿਹੀ ਪਾਕੀਜ਼ਗੀ ਸੀ ਜੋ ਸਿੱਧੀ ਦਿਲ ਦੇ ਦਰਵਾਜ਼ੇ 'ਤੇ ਦਸਤਕ ਦਿੰਦੀ ਸੀ।

ਕੱਲ੍ਹ ਨੂੰ ਜਦੋਂ ਕਿਸੇ ਰੇਡੀਓ ਸਟੇਸ਼ਨ ਤੋਂ "ਤੁਮਨੇ ਪੁਕਾਰਾ ਔਰ ਹਮ ਚਲੇ ਆਏ" ਜਾਂ "ਨਾ ਤੁਮ ਹਮੇ ਜਾਣੋ" ਗੂੰਜੇਗਾ ਤਾਂ ਅਨੇਕਾਂ ਸਰੋਤਿਆਂ ਵਾਂਗ ਮੈਂ ਵੀ ਕੁਝ ਪਲਾਂ ਲਈ ਠਹਿਰ ਜਾਵਾਂਗਾ। ਮੈਨੂੰ ਫਿਰ 1992 ਵਾਲੀਆਂ ਉਹ ਸਵੇਰਾਂ ਯਾਦ ਆਉਣਗੀਆਂ, ਜਦੋਂ ਇੱਕ ਮਿੱਠੀ ਜਿਹੀ ਆਵਾਜ਼ ਦਿਲ ਦੇ ਕਿਸੇ ਕੋਨੇ ਵਿੱਚ ਉਤਰ ਜਾਂਦੀ ਸੀ। ਸੁਮਨ ਕਲਿਆਣਪੁਰ ਉਸ ਪੀੜ੍ਹੀ ਦੀਆਂ ਆਖ਼ਰੀਆਂ ਆਵਾਜ਼ਾਂ ਵਿੱਚੋਂ ਇੱਕ ਸਨ, ਜਿਨ੍ਹਾਂ ਨੇ ਸੰਗੀਤ ਨੂੰ ਸਿਰਫ਼ ਮਨੋਰੰਜਨ ਨਹੀਂ, ਸਗੋਂ ਰੂਹ ਦੀ ਤਸੱਲੀ ਬਣਾਇਆ।

ਉਮਰਾਂ ਦੀ ਹੱਦਬੰਦੀ ਤੋਂ ਜੋ ਮੁਕਤ ਹੋ ਜਾਵੇ,
ਓਹੀ ਆਵਾਜ਼ ਅਸਲ ਵਿੱਚ ਇਬਾਦਤ ਹੁੰਦੀ ਹੈ।

ਸੁਰਾਂ ਦੀ ਇਸ ਮਹਾਨ ਸਾਧਿਕਾ ਨੂੰ ਸਾਡਾ ਨਮਨ, ਸਤਿਕਾਰ ਭਰੀ ਅਤੇ ਭਾਵਭਿੰਨੀ ਸ਼ਰਧਾਂਜਲੀ।

ਨਵਦੀਪ ਸਿੰਘ ਝੁਨੀਰ
ਪਿੰਡ ਝੁਨੀਰ (ਮਾਨਸਾ)
ਪੰਜਾਬੀ ਮਾਸਟਰ
ਸਰਕਾਰੀ ਸਕੰਡਰੀ ਸਕੂਲ
ਝੰਡੂਕੇ (ਮਾਨਸਾ)
✉
nav.jhuinr@gmial.com

ਕੀਟਨਾਸ਼ਕਾਂ ਦੀ ਜ਼ਹਿਰੀਲੀ ਵਿਰਾਸਤ

ਆਧੁਨਿਕ ਖੇਤੀਬਾੜੀ ਵਿੱਚ ਕੀਟਨਾਸ਼ਕਾਂ ਦਾ ਸਥਾਨ ਬਹੁਤ ਮਹੱਤਵਪੂਰਨ ਬਣ ਚੁੱਕਾ ਹੈ। ਇਹ ਉਹ ਰਸਾਇਣਕ ਪਦਾਰਥ ਹਨ ਜੋ ਫ਼ਸਲਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੀੜਿਆਂ, ਨਦੀਨਾਂ, ਫ਼ਫੂੰਦਾਂ, ਚੂਹਿਆਂ ਅਤੇ ਹੋਰ ਜੀਵਾਂ ਨੂੰ ਨਸ਼ਟ ਕਰਨ ਲਈ ਵਰਤੇ ਜਾਂਦੇ ਹਨ। ਸ਼ੁਰੂਆਤੀ ਦੌਰ ਵਿੱਚ ਕੀਟਨਾਸ਼ਕਾਂ ਨੂੰ ਖੇਤੀ ਉਤਪਾਦਨ ਵੱਧਾਉਣ ਅਤੇ ਖ਼ੁਰਾਕੀ ਸੁਰੱਖਿਆ ਯਕੀਨੀ ਬਣਾਉਣ ਵਾਲੀ ਇੱਕ ਕ੍ਰਾਂਤੀਕਾਰੀ ਖੋਜ ਵਜੋਂ ਦੇਖਿਆ ਗਿਆ ਸੀ। ਪਰ ਸਮੇਂ ਦੇ ਨਾਲ ਇਨ੍ਹਾਂ ਦੀ ਬੇਲਗਾਮ ਅਤੇ ਅੰਨ੍ਹੇਵਾਹ ਵਰਤੋਂ ਨੇ ਮਨੁੱਖੀ ਸਿਹਤ, ਵਾਤਾਵਰਨੀ ਸੰਤੁਲਨ ਅਤੇ ਜੈਵਿਕ ਵਿਭਿੰਨਤਾ ਲਈ ਗੰਭੀਰ ਖ਼ਤਰੇ ਪੈਦਾ ਕਰ ਦਿੱਤੇ ਹਨ। ਅੱਜ ਕੀਟਨਾਸ਼ਕ ਖੇਤੀ ਦੇ ਰੱਖਿਅਕ ਨਹੀਂ, ਸਗੋਂ ਮਨੁੱਖਤਾ ਦੇ ਇੱਕ ਖਾਮੋਸ਼ ਦੁਸ਼ਮਣ ਵਜੋਂ ਸਾਹਮਣੇ ਆ ਰਹੇ ਹਨ।

ਹਰੀ ਕ੍ਰਾਂਤੀ ਨੇ ਦੁਨੀਆ ਦੇ ਕਈ ਦੇਸ਼ਾਂ ਵਿੱਚ ਖੇਤੀ ਉਤਪਾਦਨ ਵਿੱਚ ਕਾਫ਼ੀ ਵਾਧਾ ਕੀਤਾ। ਉੱਚ ਗੁਣਵੱਤਾ ਵਾਲੇ ਬੀਜਾਂ ਅਤੇ ਸਿੰਚਾਈ ਸਹੂਲਤਾਂ ਦੇ ਨਾਲ-ਨਾਲ ਕੀਟਨਾਸ਼ਕਾਂ ਨੇ ਵੀ ਫ਼ਸਲਾਂ ਨੂੰ ਕੀੜਿਆਂ ਅਤੇ ਬਿਮਾਰੀਆਂ ਤੋਂ ਬਚਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਪਰ ਰਸਾਇਣਕ ਕੀਟਨਾਸ਼ਕਾਂ 'ਤੇ ਵੱਧ ਰਹੀ ਨਿਰਭਰਤਾ ਨੇ ਇੱਕ ਅਜਿਹਾ ਚੱਕਰ ਪੈਦਾ ਕਰ ਦਿੱਤਾ ਹੈ ਜਿਸ ਵਿੱਚ ਕੀੜੇ ਇਨ੍ਹਾਂ ਦੇ ਪ੍ਰਤੀ ਰੋਧਕ ਸਮਰੱਥਾ ਵਿਕਸਿਤ ਕਰ ਲੈਂਦੇ ਹਨ ਅਤੇ ਕਿਸਾਨਾਂ ਨੂੰ ਹੋਰ ਵੱਧ ਮਾਤਰਾ ਅਤੇ ਹੋਰ ਤਾਕਤਵਰ ਰਸਾਇਣਾਂ ਦੀ ਵਰਤੋਂ ਕਰਨੀ ਪੈਂਦੀ ਹੈ। ਜੋ ਚੀਜ਼ ਕਦੇ ਖੇਤੀਬਾੜੀ ਦੇ ਵਿਕਾਸ ਦਾ ਸਾਧਨ ਸੀ, ਉਹ ਅੱਜ ਵਾਤਾਵਰਨੀ ਨੁਕਸਾਨ ਅਤੇ ਜਨਤਕ ਸਿਹਤ ਸੰਕਟ ਦਾ ਕਾਰਨ ਬਣ ਰਹੀ ਹੈ। ਇਸ ਦੇ ਮਾੜੇ ਪ੍ਰਭਾਵ ਅਕਸਰ ਸਾਲਾਂ ਤੱਕ ਲੁਕੇ ਰਹਿੰਦੇ ਹਨ, ਜਿਸ ਕਾਰਨ ਇਹ ਇੱਕ ਖਾਮੋਸ਼ ਪਰ ਲਗਾਤਾਰ ਵੱਧਦਾ ਖ਼ਤਰਾ ਬਣ ਜਾਂਦਾ ਹੈ।

ਫ਼ਲਾਂ, ਸਬਜ਼ੀਆਂ, ਅਨਾਜ ਅਤੇ ਹੋਰ ਖੁਰਾਕੀ ਪਦਾਰਥਾਂ 'ਤੇ ਕੀਟਨਾਸ਼ਕਾਂ ਦੇ ਅੰਸ਼ ਰਹਿ ਜਾਂਦੇ ਹਨ। ਅਜਿਹੇ ਦੂਸ਼ਿਤ ਭੋਜਨ ਦੀ ਲਗਾਤਾਰ ਵਰਤੋਂ ਮਨੁੱਖੀ ਸਿਹਤ ਨੂੰ ਨੁਕਸਾਨ ਪਹੁੰਚਾਉਂਦੀ ਹੈ। ਕੀਟਨਾਸ਼ਕਾਂ ਦੇ ਸੰਪਰਕ ਨਾਲ ਚਮੜੀ ਅਤੇ ਅੱਖਾਂ ਦੀਆਂ ਸਮੱਸਿਆਵਾਂ, ਸਾਹ ਸੰਬੰਧੀ ਰੋਗ, ਹਾਰਮੋਨਾਂ ਦਾ ਅਸੰਤੁਲਨ, ਦਿਮਾਗੀ ਅਤੇ ਨਾੜੀ ਤੰਤਰ ਰੋਗ, ਪ੍ਰਜਨਨ ਸਮੱਸਿਆਵਾਂ ਅਤੇ ਕਈ ਕਿਸਮਾਂ ਦੇ ਕੈਂਸਰ ਹੋਣ ਦੇ ਖ਼ਤਰੇ ਵਿੱਚ ਵਾਧਾ ਹੋ ਸਕਦਾ ਹੈ। ਕਿਸਾਨ ਅਤੇ ਖੇਤੀ ਮਜ਼ਦੂਰ ਇਨ੍ਹਾਂ ਰਸਾਇਣਾਂ ਨਾਲ ਸਿੱਧੇ ਸੰਪਰਕ ਵਿੱਚ ਆਉਣ ਕਾਰਨ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ।

ਵਾਤਾਵਰਨ ਪ੍ਰਦੂਸ਼ਣ

ਕੀਟਨਾਸ਼ਕ ਮਿੱਟੀ, ਹਵਾ ਅਤੇ ਜਲ ਸਰੋਤਾਂ ਨੂੰ ਪ੍ਰਦੂਸ਼ਿਤ ਕਰਦੇ ਹਨ। ਮੀਂਹ ਦਾ ਪਾਣੀ ਇਨ੍ਹਾਂ ਦੇ ਅੰਸ਼ਾਂ ਨੂੰ ਦਰਿਆਵਾਂ, ਛੱਪੜਾਂ ਅਤੇ ਭੂ-ਜਲ ਤੱਕ ਲੈ ਜਾਂਦਾ ਹੈ, ਜਿਸ ਨਾਲ ਜਲ-ਜੀਵਨ ਅਤੇ ਪੀਣ ਵਾਲੇ ਪਾਣੀ ਦੀ ਗੁਣਵੱਤਾ ਪ੍ਰਭਾਵਿਤ ਹੁੰਦੀ ਹੈ। ਕਈ ਰਸਾਇਣ ਸਾਲਾਂ ਤੱਕ ਵਾਤਾਵਰਨ ਵਿੱਚ ਬਣੇ ਰਹਿੰਦੇ ਹਨ ਅਤੇ ਕੁਦਰਤੀ ਪ੍ਰਕਿਰਿਆਵਾਂ ਨੂੰ ਵਿਗਾੜਦੇ ਹਨ।

ਜੈਵਿਕ ਵਿਭਿੰਨਤਾ ਦਾ ਨਾਸ਼

ਕੀਟਨਾਸ਼ਕ ਹਾਨੀਕਾਰਕ ਅਤੇ ਲਾਭਕਾਰੀ ਜੀਵਾਂ ਵਿੱਚ ਕੋਈ ਫ਼ਰਕ ਨਹੀਂ ਕਰਦੇ। ਇਹ ਮੱਖੀਆਂ, ਤਿਤਲੀਆਂ ਅਤੇ ਹੋਰ ਪਰਾਗਣ ਕਰਨ ਵਾਲੇ ਜੀਵਾਂ ਨੂੰ ਵੀ ਨਸ਼ਟ ਕਰਦੇ ਹਨ, ਜੋ ਖੇਤੀ ਉਤਪਾਦਨ ਅਤੇ ਵਾਤਾਵਰਨੀ ਸੰਤੁਲਨ ਲਈ ਬਹੁਤ ਜ਼ਰੂਰੀ ਹਨ। ਇਸ ਤੋਂ ਇਲਾਵਾ ਕਈ ਲਾਭਕਾਰੀ ਕੀੜੇ, ਪੰਛੀ ਅਤੇ ਮਿੱਟੀ ਦੇ ਸੂਖਮ ਜੀਵ ਵੀ ਪ੍ਰਭਾਵਿਤ ਹੁੰਦੇ ਹਨ, ਜਿਸ ਨਾਲ ਜੈਵਿਕ ਵਿਭਿੰਨਤਾ ਵਿੱਚ ਗਿਰਾਵਟ ਆਉਂਦੀ ਹੈ।

ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਕਮੀ

ਸਿਹਤਮੰਦ ਮਿੱਟੀ ਵਿੱਚ ਲੱਖਾਂ ਸੂਖਮ ਜੀਵ ਹੁੰਦੇ ਹਨ ਜੋ ਉਪਜਾਊ ਸ਼ਕਤੀ ਅਤੇ ਪੋਸ਼ਕ ਤੱਤਾਂ ਦੇ ਚੱਕਰ ਨੂੰ ਕਾਇਮ ਰੱਖਦੇ ਹਨ। ਕੀਟਨਾਸ਼ਕਾਂ ਦੀ ਜ਼ਿਆਦਾ ਵਰਤੋਂ ਇਨ੍ਹਾਂ ਲਾਭਕਾਰੀ ਜੀਵਾਂ ਨੂੰ ਨਸ਼ਟ ਕਰ ਦਿੰਦੀ ਹੈ, ਜਿਸ ਨਾਲ ਮਿੱਟੀ ਦੀ ਉਤਪਾਦਕਤਾ ਘੱਟਦੀ ਜਾਂਦੀ ਹੈ। ਨਤੀਜ਼ੇ ਵਜੋਂ ਕਿਸਾਨ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ 'ਤੇ ਹੋਰ ਨਿਰਭਰ ਹੋ ਜਾਂਦੇ ਹਨ।

ਰੋਧਕ ਕੀੜਿਆਂ ਦਾ ਵਿਕਾਸ

ਇੱਕੋ ਕਿਸਮ ਦੇ ਕੀਟਨਾਸ਼ਕਾਂ ਦੀ ਵਾਰ-ਵਾਰ ਵਰਤੋਂ ਨਾਲ ਕੁਝ ਕੀੜੇ ਬਚ ਜਾਂਦੇ ਹਨ ਅਤੇ ਉਨ੍ਹਾਂ ਵਿੱਚ ਰੋਧਕ ਸਮਰੱਥਾ ਵਿਕਸਿਤ ਹੋ ਜਾਂਦੀ ਹੈ। ਅਜਿਹੇ ਕੀੜਿਆਂ ਨੂੰ ਕਾਬੂ ਕਰਨ ਲਈ ਹੋਰ ਤਾਕਤਵਰ ਰਸਾਇਣਾਂ ਦੀ ਲੋੜ ਪੈਂਦੀ ਹੈ, ਜੋ ਰਸਾਇਣਕ ਨਿਰਭਰਤਾ ਦੇ ਖ਼ਤਰਨਾਕ ਚੱਕਰ ਨੂੰ ਹੋਰ ਮਜ਼ਬੂਤ ਕਰਦਾ ਹੈ।

ਜੀਵ-ਜੰਤੂਆਂ ਉੱਤੇ ਕੀਟਨਾਸ਼ਕਾਂ ਦਾ ਪ੍ਰਭਾਵ

ਮਨੁੱਖ ਖੁਰਾਕ, ਪਾਣੀ, ਹਵਾ ਅਤੇ ਖੇਤੀਬਾੜੀ ਕਾਰਜਾਂ ਰਾਹੀਂ ਕੀਟਨਾਸ਼ਕਾਂ ਦੇ ਸੰਪਰਕ ਵਿੱਚ ਆਉਂਦੇ ਹਨ। ਬੱਚੇ, ਗਰਭਵਤੀ ਮਹਿਲਾਵਾਂ ਅਤੇ ਬਜ਼ੁਰਗ ਵਿਸ਼ੇਸ਼ ਤੌਰ 'ਤੇ ਇਸ ਦੇ ਪ੍ਰਭਾਵਾਂ ਲਈ ਸੰਵੇਦਨਸ਼ੀਲ ਹੁੰਦੇ ਹਨ।

ਪਾਲਤੂ ਪਸ਼ੂ ਅਤੇ ਪਸ਼ੂਧਨ ਦੂਸ਼ਿਤ ਚਾਰਾ ਜਾਂ ਪਾਣੀ ਖਾਣ-ਪੀਣ ਕਾਰਨ ਪ੍ਰਭਾਵਿਤ ਹੋ ਸਕਦੇ ਹਨ। ਇਸ ਨਾਲ ਉਨ੍ਹਾਂ ਦੀ ਸਿਹਤ, ਵਾਧੇ ਅਤੇ ਪ੍ਰਜਨਨ ਸਮਰੱਥਾ 'ਤੇ ਮਾੜਾ ਅਸਰ ਪੈਂਦਾ ਹੈ।

ਕਈ ਪੰਛੀ ਪ੍ਰਜਾਤੀਆਂ ਦੀ ਗਿਣਤੀ ਕੀਟਨਾਸ਼ਕਾਂ ਕਾਰਨ ਘਟੀ ਹੈ। ਦੂਸ਼ਿਤ ਕੀੜਿਆਂ ਜਾਂ ਬੀਜਾਂ ਨੂੰ ਖਾਣ ਨਾਲ ਉਨ੍ਹਾਂ ਵਿੱਚ ਜ਼ਹਿਰਲੇ ਪ੍ਰਭਾਵ ਅਤੇ ਪ੍ਰਜਨਨ ਸਮੱਸਿਆਵਾਂ ਪੈਦਾ ਹੁੰਦੀਆਂ ਹਨ।

ਜਲ-ਜੀਵਨ ਵਿੱਚ ਮੱਛੀਆਂ, ਡੱਡੂਆਂ ਅਤੇ ਹੋਰ ਜਲ-ਜੀਵ ਕੀਟਨਾਸ਼ਕ ਪ੍ਰਦੂਸ਼ਣ ਪ੍ਰਤੀ ਬਹੁਤ ਸੰਵੇਦਨਸ਼ੀਲ ਹੁੰਦੇ ਹਨ। ਖੇਤਾਂ ਤੋਂ ਵਹਿ ਕੇ ਆਉਣ ਵਾਲੇ ਰਸਾਇਣ ਜਲ-ਪ੍ਰਣਾਲੀਆਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੇ ਹਨ।

ਲਾਭਕਾਰੀ ਕੀੜੇ ਜਿਵੇਂ ਸ਼ਹਿਦ ਦੀਆਂ ਮੱਖੀਆਂ ਅਤੇ ਹੋਰ ਪਰਾਗਣ ਕਰਨ ਵਾਲੇ ਜੀਵ ਕੀਟਨਾਸ਼ਕਾਂ ਦੇ ਸਭ ਤੋਂ ਵੱਡੇ ਸ਼ਿਕਾਰ ਹਨ। ਉਨ੍ਹਾਂ ਦੀ ਗਿਣਤੀ ਵਿੱਚ ਕਮੀ ਖੇਤੀ ਉਤਪਾਦਨ ਲਈ ਵੀ ਗੰਭੀਰ ਚੁਣੌਤੀ ਹੈ।

ਸਭ ਤੋਂ ਪਹਿਲਾਂ ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨਾ ਲਾਜ਼ਮੀ ਹੈ, ਜਿਸ ਵਿੱਚ ਕੰਪੋਸਟ, ਜੈਵਿਕ ਖਾਦਾਂ ਅਤੇ ਕੁਦਰਤੀ ਕੀਟ-ਨਿਯੰਤਰਣ ਤਰੀਕਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੇ ਨਾਲ-ਨਾਲ ਇੰਟੀਗ੍ਰੇਟਿਡ ਪੈਸਟ ਮੈਨੇਜਮੈਂਟ ਨੂੰ ਅਪਣਾਉਣਾ ਚਾਹੀਦਾ ਹੈ, ਜਿਸ ਵਿੱਚ ਜੈਵਿਕ, ਮਕੈਨੀਕੀ ਅਤੇ ਸੱਭਿਆਚਾਰਕ ਤਰੀਕਿਆਂ ਨੂੰ ਤਰਜ਼ੀਹ ਦਿੱਤੀ ਜਾਂਦੀ ਹੈ ਅਤੇ ਰਸਾਇਣਾਂ ਦੀ ਵਰਤੋਂ ਕੇਵਲ ਲੋੜ ਪੈਣ 'ਤੇ ਕੀਤੀ ਜਾਂਦੀ ਹੈ।

ਕੁਦਰਤੀ ਦੁਸ਼ਮਣਾਂ ਜਿਵੇਂ ਲੇਡੀਬਰਡ, ਮੱਕੜੀਆਂ ਅਤੇ ਕੁਝ ਪੰਛੀਆਂ ਨੂੰ ਸੰਭਾਲ ਕੇ ਕੀੜਿਆਂ ਦੀ ਗਿਣਤੀ ਕੁਦਰਤੀ ਤੌਰ 'ਤੇ ਨਿਯੰਤਰਿਤ ਕੀਤੀ ਜਾ ਸਕਦੀ ਹੈ। ਕਿਸਾਨਾਂ ਨੂੰ ਸਹੀ ਮਾਤਰਾ, ਸੁਰੱਖਿਆ ਉਪਾਅ ਅਤੇ ਵਿਕਲਪਕ ਤਕਨੀਕਾਂ ਬਾਰੇ ਸਿਖਲਾਈ ਦੇਣਾ ਵੀ ਬਹੁਤ ਜ਼ਰੂਰੀ ਹੈ।

ਸਰਕਾਰਾਂ ਨੂੰ ਖ਼ਤਰਨਾਕ ਕੀਟਨਾਸ਼ਕਾਂ ਦੇ ਨਿਰਮਾਣ, ਵਿਕਰੀ ਅਤੇ ਵਰਤੋਂ ਉੱਤੇ ਸਖ਼ਤ ਨਿਯਮ ਲਾਗੂ ਕਰਨੇ ਚਾਹੀਦੇ ਹਨ। ਉਪਭੋਗਤਾਵਾਂ ਨੂੰ ਵੀ ਜੈਵਿਕ ਅਤੇ ਰਸਾਇਣ-ਮੁਕਤ ਉਤਪਾਦਾਂ ਨੂੰ ਤਰਜ਼ੀਹ ਦੇ ਕੇ ਟਿਕਾਊ ਖੇਤੀਬਾੜੀ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਸ ਦੇ ਨਾਲ-ਨਾਲ ਖੇਤੀ ਖੋਜ ਅਤੇ ਨਵੀਨਤਾ ਵਿੱਚ ਨਿਵੇਸ਼ ਕਰਕੇ ਕੀਟ-ਰੋਧਕ ਫ਼ਸਲਾਂ, ਜੈਵਿਕ ਕੀਟਨਾਸ਼ਕਾਂ ਅਤੇ ਟਿਕਾਊ ਤਕਨੀਕਾਂ ਦਾ ਵਿਕਾਸ ਕੀਤਾ ਜਾਣਾ ਚਾਹੀਦਾ ਹੈ।

ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਕੀਟਨਾਸ਼ਕਾਂ ਨੇ ਖੇਤੀ ਉਤਪਾਦਨ ਵੱਧਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਪਰ ਇਨ੍ਹਾਂ ਦੀ ਲੋੜ ਤੋਂ ਵੱਧ ਅਤੇ ਅਣਸੋਚੀ-ਸਮਝੀ ਵਰਤੋਂ ਨੇ ਮਨੁੱਖੀ ਸਿਹਤ, ਜੈਵਿਕ ਵਿਭਿੰਨਤਾ ਅਤੇ ਵਾਤਾਵਰਨੀ ਸੰਤੁਲਨ ਲਈ ਗੰਭੀਰ ਸੰਕਟ ਪੈਦਾ ਕਰ ਦਿੱਤਾ ਹੈ। ਫ਼ਸਲਾਂ ਦੀ ਰੱਖਿਆ ਲਈ ਬਣਾਏ ਗਏ ਇਹ ਰਸਾਇਣ ਅੱਜ ਵਾਤਾਵਰਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਖ਼ਤਰਾ ਬਣ ਰਹੇ ਹਨ।

ਸਮੇਂ ਦੀ ਮੰਗ ਹੈ ਕਿ ਅਸੀਂ ਰਸਾਇਣਕ ਨਿਰਭਰਤਾ ਤੋਂ ਬਾਹਰ ਨਿਕਲ ਕੇ ਟਿਕਾਊ ਖੇਤੀਬਾੜੀ ਵੱਲ ਵਧੀਏ। ਜੈਵਿਕ ਖੇਤੀ, ਇੰਟੀਗ੍ਰੇਟਿਡ ਪੈਸਟ ਮੈਨੇਜਮੈਂਟ, ਕਿਸਾਨ ਜਾਗਰੂਕਤਾ ਅਤੇ ਜ਼ਿੰਮੇਵਾਰ ਖਪਤਕਾਰ ਵਿਉਹਾਰ ਰਾਹੀਂ ਹੀ ਅਸੀਂ ਇੱਕ ਸਿਹਤਮੰਦ, ਸੁਰੱਖਿਅਤ ਅਤੇ ਵਾਤਾਵਰਨ-ਅਨੁਕੂਲ ਭਵਿੱਖ ਦੀ ਨੀਂਹ ਰੱਖ ਸਕਦੇ ਹਾਂ।

ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ
ਪੰਜਾਬ।

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ
ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ

ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ
ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ
ਲਈ ਅਤੇ ਵੈਬਸਾਈਟ ਤੇ
ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com